Price : Rs. 4.00

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com

ਜਿਲਦ-20 ਨੰਬਰ-01

13 ਤੋਂ 19 ਮਾਘ 2068 - 26 Jan. to 1 Feb. 2012 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 197

## ਸਤਿਗੁਰੂ ਰਾਮ ਸਿੰਘ ਜੀ ਦੇ ਬਚਨ

ਸਤਿਗੁਰੂ ਰਾਮ ਸਿੰਘ ਨੇ ਮਾਨਾਂਵਾਲੇ ਦੇ ਹੋਲੇ ਵਿੱਚ ਕਿਹਾ ਸੀ, "ਇਹ ਅੰਗਰੇਜ਼ ਸਾਨੂੰ ਹੱਥ ਪਾਉਣਗੇ, ਜਿੰਨਾਂ ਚਿਰ ਇਹ ਸਾਨੂੰ ਹੱਥ ਨਹੀਂ ਪਾਉਂਦੇ, ਇਹ ਬਦੇਸ਼ ਲੈ ਜਾਣਗੇ, ਇਹ ਮਰ ਗਿਆ ਲਿਖਣਗੇ, ਤੁਸਾਂ ਨਹੀਂ ਇਹ ਗੱਲ ਮੰਨਣੀ, ਅੱਗ ਵਿੱਚ ਮੈਂ ਸੜਦਾ ਨਹੀਂ, ਪਾਣੀ ਵਿੱਚ ਮੈਂ ਡੁਬਦਾ ਨਹੀਂ।"






# ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 197ਵੇਂ ਪ੍ਰਕਾਸ਼ ਪੁਰਬ ਦੀਆਂ ਸਾਧ ਸੰਗਤ ਨੂੰ ਵਧਾਈਆਂ

ਦ੍ਵਾਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੌਰ।
ਸ਼ਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ।

ਸਤਿਜੁਗ
ਕਲਿਜੁਗ ਮੇਂ ਸਤਿਜੁਗ ਵਰਤਾਊਂ। । ਤਬੀ ਬਾਰਵਾਂ ਬਪੁ ਕਹਾਊਂ। ।

# ਤਬੀ ਬਾਰਵਾਂ ਬਪ ਪਹਿਚਾਨੋ


ਬਸੰਤ ਪੰਚਮੀ ਵਾਲੇ ਦਿਨ ਅਵਤਾਰ ਧਾਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖੀ ਦੀ ਵਾਗਡੋਰ ਸੰਭਾਲਣ ਅਤੇ ਨਾਮਧਾਰੀ ਪੰਥ ਦੀ ਸਾਜਣਾ ਕਰਕੇ ਇਸ ਵਿਚ ਨਵੀਂ ਰੂਹ ਫੂਕਣ ਤੋਂ ਪਹਿਲਾਂ ਦਾ ਸਮਾਂ ਐਸਾ ਸੀ ਜਿਸ ਸਮੇਂ ਵਿਚ ਸਿੱਖ ਆਪਣੀ ਪਹਿਚਾਣ ਗੁਆ ਚੁੱਕੇ ਸਨ। ਉਹ ਸਾਬਤ ਸੂਰਤ ਕੇਸ ਦਾੜ੍ਹੀਆਂ ਵਾਲੇ ਦਿਸਦੇ ਸਨ। ਫਿਰ ਉਹਨਾਂ ਦੇ ਨਾਵਾਂ ਦੇ ਪਿਛੇ ਲੱਗਾ ਸਿੰਘ ਜਾਂ ਕੌਰ ਉਹਨਾਂ ਨੂੰ ਬਾਕੀਆਂ ਤੋਂ ਵੱਖਰਾ ਕਰਦਾ ਸੀ।

ਉਹਨਾਂ ਅੰਦਰ ਕੁਝ ਸਿੱਖੀ ਸਪਰਿਟ ਸੀ, ਹਿੰਮਤ ਸੀ, ਜੋਸ਼ ਸੀ ਅਤੇ ਉਸ ਸਮੇਂ ਢਹਿੰਦੇ ਮੁਗਲ ਰਾਜ ਦਾ ਫਾਇਦਾ ਉਠਾਣ ਲਈ ਆਏ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਦਾ ਮੁਕਾਬਲਾ ਕਰਨ ਦੀ ਦਲੇਰੀ ਸੀ। ਉਹਨਾਂ ਆਪਣੀ ਹਿੰਮਤ ਨਾਲ ਇਲਾਕੇ ਮੱਲੇ, 12 ਮਿਸਲਾਂ ਕਾਇਮ ਕੀਤੀਆਂ ਅਤੇ ਫਿਰ ਸਮੁੱਚੇ ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜ਼ੋਰ ਨਾਲ ਆਪਣੇ ਅਧੀਨ ਕਰਕੇ ਸਿੱਖ ਰਾਜ ਦੀ ਸਥਾਪਨਾ ਕੀਤੀ। ਇਸ ਰਾਜ ਵਿਚ ਹਮਲਾਵਾਰਾਂ ਤੋਂ ਬਚਣ ਕਾਰਨ ਪੰਜਾਬੀਆਂ ਨੇ ਸੁਖ ਦਾ ਸਾਹ ਲਿਆ। ਪਰ ਮਹਾਰਜੇ ਦੇ ਅੱਖਾਂ ਮੀਟਦਿਆਂ ਹੀ ਇਹ ਰਾਜ ਪਿਛਲ ਪੈਰੀਂ ਤੁਰ ਪਿਆ। ਤੇਗਾਂ ਮਾਰ ਕੇ ਲਏ ਰਾਜ ਦੀ ਇਹ ਹਾਲਤ ਹੋ ਗਈ :

*ਅੱਗੋਂ ਰਾਜ ਆਇਆ*
*ਹੱਥ ਬੁਰਸ਼ਿਆਂ ਦੇ,*
*ਪਈ ਖੜਕਦੀ*
*ਨਿੱਤ ਤਲਵਾਰ ਮੀਆਂ।*
*ਗੱਦੀ ਵਾਲਿਆਂ ਨੂੰ*
*ਜਿਹੜੇ ਮਾਰ ਲੈਂਦੇ,*
*ਹੋਰ ਕਹੋ ਕਿਸ ਦੇ*
*ਪਾਣੀ ਹਾਰ ਮੀਆਂ।*

*(ਸ਼ਾਹ ਮੁਹੰਮਦ)*

ਇਸ ਰਾਜ ਦੀ ਫੌਜ ਵਿਚ ਨੌਕਰੀ ਕਰ ਰਹੇ, ਸਤਿਗੁਰੂ ਰਾਮ ਸਿੰਘ ਜੀ ਨੇ ਰਾਜ ਦਾ ਵਧਦਾ ਤਪ ਤੇਜ ਵੀ ਵੇਖਿਆ ਅਤੇ ਉਸਦੀ ਬੁਝਦੀ ਧੂਣੀ ਦੀ ਅੱਗ ਵੀ ਵੇਖੀ। ਆਪ ਸਿੱਖਾਂ ਵਿਚ ਪਈ ਫੁੱਟ ਤੇ ਹੋ ਰਹੀ ਆਪਸੀ ਲੜਾਈ ਵਲੋਂ ਮੂੰਹ ਮੋੜ ਕੇ ਖਾਲਸਾ ਰਾਜ ਦੀ ਨੌਕਰੀ ਨੂੰ ਤਿਲਾਂਜਲੀ ਦੇ ਕੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਹੋਏ ਅਕਾਲ ਬੁੰਗੇ ਸ੍ਰੀ ਭੈਣੀ ਸਾਹਿਬ ਬੈਠ ਕੇ ਚਿੰਤਨ ਕਰ ਲੱਗੇ ਕਿ ਇਹ ਕਿਉਂ ਹੋਇਆ। ਉਹਨਾਂ ਚਿੰਤਨ ਦੇ ਨਾਲ ਸਿਮਰਨ ਵੀ ਕੀਤਾ। ਆਪ ਨੇ ਜਦ ਸਮੁੱਚੀ ਸਥਿਤੀ ਉਤੇ ਖਾਸ ਕਰਕੇ ਸਿੱਖ ਕੌਮ ਵੱਲ ਝਾਤੀ ਮਾਰੀ ਤਾਂ ਆਪ ਨੂੰ ਲੱਗਾ ਕਿ ਇਹਨਾਂ ਲੋਕਾਂ ਵਿਚ ਸਰੀਰਕ ਬਲ ਹੋਣ ਦੇ ਬਾਵਜੂਦ ਆਤਮਿਕ ਬਲ ਨਹੀਂ ਸੀ। ਆਤਮਕ ਬਲ ਨਾ ਹੋਣ ਦਾ ਕਾਰਨ ਸਿਮਰਨ ਕਰਨ ਦੀ ਘਾਟ ਹੈ। ਸਿਮਰਨ ਨਾ ਕਰਨ ਦਾ ਕਾਰਨ ਵਿਲਾਸੀ ਹੋਣਾ ਹੈ।



ਵਿਲਾਸੀ ਹੋਣ ਦਾ ਕਾਰਨ ਅੰਨ ਧਨ ਉਪਜਾਉਣ ਵਾਲੀ ਧਰਤੀ ਵਿਚ ਸੁਖ ਸਾਧਨਾਂ ਦੀ ਬਹੁਤਾਤ ਹੋਣਾ ਹੈ ਅਤੇ ਉਹਨਾਂ ਸੁਖ ਸਾਧਨਾਂ ਰਾਹੀਂ ਕਮਾਏ ਧਨ ਪਦਾਰਥ ਨੂੰ ਐਸ਼ੋ ਇਸ਼ਰਤ ਵਿਚ ਗੁਜਾਰਨਾ ਹੈ। ਜਿਹਨਾਂ ਕੋਲ ਧਨ ਪਦਾਰਥ ਦੀ ਕਮੀ ਵੀ ਸੀ ਉਹ ਵੀ ਜੋ ਦਿੱਤਾ ਹੈ, ਉਸ ਦੇਣ ਦਾਤਾਰ ਦਾ ਸ਼ੁਕਰ ਕਰਨ ਤੇ ਉਸ ਦੀ ਰਜ਼ਾ ਵਿਚ ਰਹਿਣ ਦੀ ਥਾਂ ਆਪਣੇ ਕਰਮਾਂ ਨੂੰ ਜਾਂ ਉਸ ਦੀ ਕਰਨੀ ਨੂੰ ਕੋਸਣ ਲੱਗੇ। ਅਰ ਇਹਨਾਂ ਸਾਰਿਆਂ ਦੀ ਧਾਰਮਿਕ ਪੱਖੋਂ ਅਗਵਾਈ ਕਰਨ ਵਾਲੇ ਮਹੰਤਾਂ, ਡੇਰੇਦਾਰਾਂ, ਗੱਦੀ ਨਸ਼ੀਨਾਂ ਨੇ ਭੁੱਲੀ ਭਟਕੀ ਪਰਜਾ ਨੂੰ ਰਾਹੇ ਕੀ ਪਾਉਣਾ ਸੀ। ਉਹ ਆਪ ਸ਼ਿਕਾਰ ਖੇਡਦੇ ਸਨ, ਤਾਮਸੀ ਭੋਜਨ ਕਰਦੇ ਸਨ, ਰਾਜਿਆਂ ਮਹਾਰਾਜਿਆਂ ਵਾਂਗ ਰਹਿੰਦੇ ਸਨ ਤੇ ਆਪਣੀ ਸ਼ਾਨੋ ਸ਼ੌਕਤ ਬਣਾਉਂਦੇ ਸਨ। ਕਈਆਂ ਦੇ ਟਿਕਾਣੇ ਤਾਂ ਵਿਭਚਾਰ, ਦੁਰਾਚਾਰ ਅਤੇ ਬਦਨਾਮ ਸਨ, ਪੂਜਾ ਦਾ ਧਾਨ ਉਹਨਾਂ ਦੇ ਹੱਡਾਂ ਵਿਚ ਰਚ ਗਿਆ ਸੀ। ਉਹ ਤਾਂ ਖੁਦ ਹੀ ਪਾਠ ਪੂਜਾ ਭਜਨ ਬੰਦਗੀ ਤੋਂ ਵਾਂਝੇ ਸਨ, ਉਹਨਾਂ ਦੂਜਿਆਂ ਨੂੰ ਕੀ ਮੱਤ ਦੇਣੀ ਸੀ।

ਉਂਜ ਵੀ ਉਹਨਾਂ ਦਾ ਇਕ ਨੁਕਾਤੀ ਪ੍ਰੋਗਰਾਮ ਹੀ ਸੀ, ਪੂਜਾ ਲੈਣੀ। ਇਸ ਪੂਜਾ ਦੇ ਸਿਰ ਤੇ ਹੀ ਉਹ ਐਸ਼ ਕਰਦੇ ਸਨ। ਅੰਧ ਵਿਸ਼ਵਾਸੀ ਅਤੇ ਅਨਪੜ੍ਹ ਲੋਕ ਕੇਵਲ ਪੂਜਾ ਭੇਟਾ ਦੇ ਕੇ ਮੱਥਾ ਟੇਕ ਕੇ ਸਮਝਦੇ ਸਨ ਕਿ ਉਹਨਾਂ ਦੀ ਚੁਰਾਸੀ ਕੱਟੀ ਗਈ ਹੈ। ਉਹਨਾਂ ਲਈ ਸੋਚਣ ਦੀ ਕੋਈ ਲੋੜ ਨਹੀਂ ਸੀ ਕਿ ਉਹਨਾਂ ਦਾ ਧਾਰਮਿਕ ਆਗੂ ਅੰਮ੍ਰਿਤ ਵੇਲੇ ਉਠਦਾ ਹੈ? ਸਣੇ ਕੇਸੀਂ ਇਸ਼ਨਾਨ ਕਰਦਾ ਹੈ? ਅਕਾਲ ਪੁਰਖ ਦਾ ਸਿਮਰਨ ਕਰਦਾ ਹੈ? ਬਾਣੀ ਪੜ੍ਹਦਾ ਹੈ? ਸੰਤਾਂ ਸਾਧਾਂ ਵਾਲਾ ਬਾਣਾ ਰੱਖਦਾ ਹੈ? ਸਾਤਵਿਕ ਭੋਜਨ ਕਰਦਾ ਹੈ?

ਉਹਨਾਂ ਦਾ ਵਾਸਤਾ ਇਸ ਗੱਲ ਨਾਲ ਨਹੀਂ ਸੀ ਕਿ ਭਾਵੇਂ ਉਹ ਕੁੜੀ ਮਾਰ ਹੋਣ, ਭਾਵੇਂ ਨੜੀ ਮਾਰ, ਭਾਵੇਂ ਮਾਸ ਸ਼ਰਾਬ ਖਾਂਦੇ ਪੀਂਦੇ ਹੋਣ, ਭਾਵੇਂ ਹੋਰ ਨਸ਼ੇ ਕਰਦੇ ਹੋਣ, ਭਾਵੇਂ ਉਹ ਦਾੜ੍ਹੀ ਮੁੰਨਦੇ ਹੋਣ ਜਾਂ ਰੰਗਦੇ ਹੋਣ। ਉਹਨਾਂ ਦਾ ਬਾਣਾ ਵੀ ਭਾਵੇਂ ਸਿੱਖੀ ਤੋਂ ਕੋਹਾਂ ਦੂਰ ਹੋਵੇ। ਉਹ ਭਾਵੇਂ ਜੋ ਮਰਜ਼ੀ ਕੁਕਰਮ ਕਰਦੇ ਹੋਣ, ਬੱਸ ਉਹਨਾਂ ਨੂੰ ਰੋਕਣ ਟੋਕਣ ਵਾਲਾ ਕੋਈ ਹੋਵੇ ਜਾਂ ਨਾ। ਕੋਈ ਉਹਨਾਂ ਨੂੰ ਸਤਿ ਧਰਮ ਦਾ ਉਪਦੇਸ਼ ਨਾ ਕਰਦਾ ਹੋਵੇ। ਉਹ ਹੀ ਆਗੂ, ਉਹੀ ਹੀ ਸੰਤ, ਮਹੰਤ, ਉਹ ਹੀ ਸਾਧੂ ਫਕੀਰ। ਉਹ ਹੀ **(ਬਾਕੀ ਸਫਾ 7 ’ਤੇ)**

# ਭੈਣੀ ਸਤਿਗੁਰੂ ਜਾਗਿਆ

✍ **ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ**

**ਕਬਿੱਤ**

*ਗੁਰੂ ਦਸਮੇਸ਼ ਪਿਛੋਂ ਰਾਜ ਪਾਇਆ ਪੰਥ ਨੇ ਸੀ,*
*ਰਾਹ ਦਿਤਾ ਛੱਡ ਕੇ ਕੁਰਾਹ ਰਾਹ ਚਲਿਆ।*
*ਬੁਰਛਿਆਂ ਨੇ ਸਿਖ ਦਰਬਾਰ ਸੀ ਵੈਰਾਨ ਕੀਤਾ,*
*ਨਿਰਬਲਾਂ, ਨਿਰਦੋਸ਼ਿਆਂ, ਗਰੀਬਾਂ ਨੂੰ ਦਬੱਲਿਆ।*
*ਦੂਈ ਤੇ ਦਵੈਤ ਦਾ ਵੈਰ ਮਸ਼ਹੂਰ ਧੁਰੋਂ,*
*ਕਰਤਾਰ ਅਵਤਾਰ ਤਖਤਾਂ ਉਥੱਲਿਆ।*
*ਕਾਹਲਾ ਸਿੰਘ ਦੇਸ ਵਿਚ ਸਤਿਜੁਗ ਲਾਣ ਲਈ,*
*ਸਤਿਗੁਰੂ ਰਾਮ ਸਿੰਘ ਨੂਰ ਓਸੇ ਘਲਿਆ।*

*-ਸੰਤ ਕਾਹਲਾ ਸਿੰਘ ਰਚਿਤ ਉਸਤਤ ਨਾਮਾ ਸਤਿਗੁਰੂ ਰਾਮ ਸਿੰਘ ਜੀ*

ਕਹਾਵਤ ਹੈ ਕਿ ਤਪੋਂ ਰਾਜ ਤੇ ਰਾਜੋਂ ਨਰਕ। ਇਹੋ ਹਾਲਤ ਦਸਮੇਸ਼ ਪਿਤਾ ਜੀ ਦੇ ਨਰ ਨਾਟਕ ਤੋਂ ਬਾਅਦ ਖਾਲਸਾ ਪੰਥ ਦੀ ਹੋਈ ਸੀ। ਦਸਮ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਪਾਤਸ਼ਾਹੀ ਬਖਸ਼ੀ ਅਤੇ ਫਿਰ ਸਮੇਂ ਸਮੇਂ ਖਾਲਸਾ ਪੰਥ ਮੀਰ ਮੰਨੂੰ, ਅਹਿਮਦ ਸ਼ਾਹ ਅਬਦਾਲੀ ਜਿਹੇ ਧਾੜਵੀਆਂ ਦੇ ਦਿਤੇ ਤਸੀਹਿਆਂ ਵਿਚੋਂ ਕੁੰਦਨ ਹੋ ਕੇ ਨਿਕਲਿਆ। ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਖਾਲਸਾ ਰਾਜ ਲਗਭਗ 10 ਸਾਲ ਵਿਚ ਹੀ ਖਾਨਾਜੰਗੀ ਕਾਰਨ ਤਬਾਹ ਹੋ ਕੇ ਅੰਗਰੇਜ਼ ਦੀ ਝੋਲੀ ਪੈ ਗਿਆ ਸੀ।

ਇਹ ਸਾਰੇ ਹਾਲਤਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨੇੜਿਓਂ ਹੋ ਕੇ ਤੱਕਿਆ ਸੀ ਕਿਉਂਕਿ ਆਪ ਜੀ ਨੇ ਖਾਲਸਾ ਰਾਜ ਦੀ ਫੌਜ ਵਿਚ ਨੌਕਰੀ ਕੀਤੀ ਸੀ। ਕਿਵੇਂ ਸਿੱਖ ਸਰਦਾਰ ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਛੱਡਕੇ ਕੁਕਰਮ ਕਰ ਰਹੇ ਸਨ ਅਤੇ ਬਾਮਹਣੀ ਕਰਮ ਕਾਂਡਾਂ ਦੇ ਧਾਰਨੀ ਹੋ ਚੁਕੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਖਲਾਸਾ ਰਾਜ ਭਾਵ ਹਲੇਮੀ ਦਾ ਰਾਜ ਮੁੜ ਸਥਾਪਿਤ ਕਰਨ ਲਈ ਮੁਦਕੀ ਦੀ ਲੜਾਈ ਸਮੇਂ ਖਾਲਸਾ ਫੌਜ ਦੀ ਹਾਰ ਦੇਖ ਕੇ ਸਤਿਲੁਜ ਪਾਰ ਕਰਕੇ ਸ੍ਰੀ ਭੈਣੀ ਸਾਹਿਬ ਰਾਈਆਂ ਆ ਗਏ। ਫਿਰ 1857 ਈ. ਦੀ ਵਸਾਖੀ ਨੂੰ 5 ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਸੰਤ ਖਾਲਸਾ ਦੀ ਹੋਂਦ ਪ੍ਰਗਟ ਕੀਤੀ। ਸਿੱਖਾਂ ਨੂੰ ਚੁਅੱਖਰੇ ਦੇ ਨਾਮ ਦੀ ਦਾਤ ਬਖਸ਼ ਕੇ ਦੋਬਾਰਾ ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਨੂੰ ਮੁੜ ਜਗਾ ਦਿੱਤਾ। ਸਤਿਗੁਰਾਂ ਦੀ ਕਿਰਪਾ ਨਾਲ ਘਰ ਘਰ ਵਿਚ ਢੋਲਕ ਖੜਤਾਲਾਂ ਨਾਲ ਕੀਰਤਨ ਦੀਆਂ ਗੂੰਜਾਰਾਂ ਪੈਣ ਲੱਗੀਆਂ। ਸੰਤ ਕਾਹਲਾ ਸਿੰਘ ਆਪਣੀ ਲਿਖਤ ‘ਉਸਤਤ ਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ’ ਵਿਚ ਲਿਖਦੇ ਹਨ :

ਕਬਿਤ

ਸੰਤ ਖਾਲਸਾ ਬਣਾਇਆ ਤੇ ਮਿਟਾਇਆ ਨੇਰ੍ਹ ਗੁਰੂ ਜੀ ਨੇ,
*ਸੰਤ ਪੰਥ ਖਾਲਸਾ ਹੈ ਸਿੰਘਾਂ ਨਾਮਧਾਰੀਆਂ ਦਾ।*
*ਢੋਲਕਾਂ ਦੇ ਸ਼ਬਦ ਅਖੰਡ ਪਾਠ ਸ਼ੁਰੂ ਕੀਤੇ,*
*ਅੰਮ੍ਰਿਤ ਛਕਾਇਆ ਖੰਡੇਧਾਰ ਨਰ ਨਾਰੀਆਂ।*
*ਗਿਰੀ ਹੋਈ ਸਿਖੀ ਨਵੇਂ ਸਿਰ ਫਿਰ ਕੈਮ ਕੀਤੀ,*
*ਮੰਨਿਆ ਸੀ ਦੁਖ ਵੇਖ ਦੰਭੀਆਂ ਪੁਜਾਰੀਆਂ।*
*ਕਲੂ ਕਾਲ ਵਿਚ ਸਤਿਜੁਗ ਲਾਇਆ ਕਾਹਲਾ ਸਿੰਘਾ,*
*ਗੁਰੂ ਰਹਿਤ ਨੂੰ ਦਸ ਕੁਰਹਿਤਾਂ ਸੁਧਾਰੀਆਂ।*

ਸਤਿਗੁਰੂ ਜੀ ਦੇ ਪ੍ਰਚਾਰ ਅਤੇ ਪ੍ਰਭਾਵ ਸਦਕਾ ਕੁਰਹਿਤਾਂ ਨੂੰ ਸਿੱਖਾਂ ਨੇ ਤਿਲਾਂਜਲੀ ਦੇ ਦਿੱਤੀ। ਸਿੱਖਾਂ ਵਿਚ ਬਾਲ ਵਿਵਾਹ, ਬਹੁ ਵਿਆਹ ਅਤੇ ਬ੍ਰਾਹਮਣਾਂ ਦੀ ਧਾਰਮਿਕ ਕਾਰਜਾਂ ਵਿਚ ਪ੍ਰਭੁਸਤਾ ਨੂੰ ਤਿਆਗ ਦਿੱਤਾ। ਸਿੱਖਾਂ ਵੱਲ ਦੇਖ ਕੇ ਅਨੇਕ ਹਿੰਦੂਆਂ ਮੋਨਿਆਂ ਨੇ ਹੁੱਕਾ ਪੀਣ ਦਾ ਤਿਆਗ ਕਰ ਦਿੱਤਾ ਅਤੇ ਕੇਸ ਰੱਖ ਕੇ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਲਿਆ। ਸਤਿਗੁਰੂ ਜੀ ਦੇ ਸਮਕਾਲੀ ਨਿਰਮਲੇ ਵਿਦਵਾਨ ਲਿਖਾਰੀ ਗਿਆਨੀ ਗਿਆਨ ਸਿੰਘ ਪੁਸਤਕ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਸਤਿਗੁਰਾਂ ਦੇ ਉਸ ਅਦਭੁਤ ਕਾਰਜ ਬਾਰੇ ਇਸ ਤਰ੍ਹਾਂ ਲਿਖਦੇ ਹਨ :

*ਪਾਇ ਇਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ,*
*ਰਾਮ ਮ੍ਰਿਗੇਸ ਉਪਦੇਸ ਦੈਨ ਲਾਗਿਓ।*
*ਹੁਕ ਛਡਵਾਏ ਰਖਵਾਏ ਕੇਸ ਮੋਨਿਓ ਕੇ,*
*ਸੁਧਾ ਛਕਥਾਇ ਸਿਖ ਭਾਗ ਜਿਨੈ ਜਾਗਿਓ।*
*ਫੈਲਿਓ ਜਸ ਭਾਰੀ ਸਿਖ ਥੀਏ ਤਾਹਿਕੇ ਅਪਾਰੀ,*
*ਸਿਖ ਪੰਥ ਬਿਰਧਾਇਓ ਨਾਮ ਰਸ ਪਾਗਿਓ।*
*ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,*
*ਠਗੀ ਤਜ ਥੀਏ ਸੰਤ ਸਤਿਜੁਗ ਆਗਿਓ।*

ਸਿੱਖੀ ਦੀ ਚੜ੍ਹਤ ਅਤੇ ਸਤਿਗੁਰਾਂ ਦੀ ਵਧ ਰਹੀ ਪ੍ਰਭੁਤਾ ਨੂੰ ਦੇਖ ਕੇ ਗੁਰਦੁਆਰਿਆਂ ਦੇ ਪੁਜਾਰੀ ਅਤੇ ਬ੍ਰਾਹਮਣ ਅਤੇ ਹੋਰ ਧਰਮ ਠੇਕੇਦਾਰ ਔਖੇ ਹੋ ਰਹੇ ਸਨ। ਸਤਿਗੁਰੂ ਜੀ ਜਿਸਦੇ ਵੀ ਕੰਨ ਵਿਚ ਫੂਕ ਮਾਰਕੇ ਭਾਵ ਚੁਅੱਖਰਾ ਨਾਮ ਦੇਂਦੇ, ਉਹ ਮਸਤਾਨੇ ਹੋ ਜਾਂਦੇ ਅਤੇ ਨਾਮ ਦੇ ਰਸ ਵਿਚ ਖੀਵੇ ਹੋ ਜਾਂਦੇ ਅਤੇ ਕਈ ਵਾਰ ਸੀਸ ਤੋਂ ਪੱਗਾਂ ਵੀ ਲਹਿ ਜਾਂਦੀਆਂ ਸਨ। **(ਬਾਕੀ ਸਫਾ 6 ’ਤੇ)**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ



ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਡੇ ਤੇ ਕਿਰਪਾ ਹੋਵੇ ਤੇ ਸਾਨੂੰ ਆਪ ਜੀ ਦੇ ਦਰਸ਼ਨ ਹੋਣ, ਤੇ ਸਾਰੇ ਸੰਸਾਰ ਤੇ ਸ਼ਾਂਤੀ ਹੋਵੇ।

ਮੈਨੂੰ ਇਕ ਗੱਲ ਯਾਦ ਆ ਗਈ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਸ਼ਾਂਤ ਹੋਣ ਤੋਂ ਬਾਦ ਪਹਿਲੀ ਵੇਰ ਮੈਂ ਜਦੋਂ ਸਿਆਮ (ਥਾਈਲੈਂਡ) ਵਿਚ ਗਿਆ, ਸੰਨ 1960-61 ਦੇ ਨੇੜੇ ਦੀ ਗੱਲ ਹੋਵੇਗੀ। ਓਥੇ ਇਕ ਸਾਧੂ ਸੀ। ਉਹਦੀ ਉਸ ਵੇਲੇ 32 ਕੁ ਸਾਲ ਦੀ ਉਮਰ ਸੀ। ਉਸ ਦੇ ਬਿਆਨ ਬਾਰੇ ਬਹੁਤ ਸਾਰੇ ਸਿੱਖਾਂ ਨੇ ਮੈਨੂੰ ਦੱਸਿਆ ਕਿ ਅਖਬਾਰਾਂ ਵਿਚ ਇਕ ਗੱਲ ਆਈ ਹੈ ਕਿ-ਸਾਰੀ ਦੁਨੀਆਂ ਵਿਚ ਅਸ਼ਾਂਤੀ ਫੈਲੇਗੀ ਤੇ ਕੁਦਰਤੀ ਬਿਮਾਰੀਆਂ ਵਧਣਗੀਆਂ। ਸਮੁੰਦਰ ਵਿਚ ਤੂਫ਼ਾਨ ਆਉਣਗੇ। ਐਹੋ ਜਿਹੀਆਂ ਚੀਜ਼ਾਂ ਹੋਣਗੀਆਂ। ਕੁਦਰਤੀ ਆਫਤਾਂ ਆਉਣਗੀਆਂ। ਆਪਸ ਵਿਚ ਲੜਾਈ ਝਗੜੇ ਫਸਾਦ ਹੋਣਗੇ। ਸੋ ਉਹਨਾਂ ਨੇ ਆਖਿਆ ਬੋਧੀਆਂ ਦੇ ਸੰਮਤ 2500 (ਦੋ ਹਜ਼ਾਰ ਪੰਜ ਸੌ) ਤੋਂ ਬਾਦ ਬਰਮਾ ਦੀਆਂ ਪਹਾੜੀਆਂ ਵਿਚੋਂ ਇਕ ਅਵਤਾਰ ਪ੍ਰਗਟ ਹੋਵੇਗਾ। ਉਹਨਾਂ ਦਾ ਸਫੈਦ ਦਾੜ੍ਹਾ, ਸਫੈਦ ਘੋੜਾ ਤੇ ਸਫੈਦ ਬਸਤਰ ਹੋਣਗੇ। ਉਹਨਾਂ ਦੇ ਆਉਣ ਨਾਲ ਕੁਲ ਸੰਸਾਰ ਤੇ ਸ਼ਾਂਤੀ ਹੋਵੇਗੀ। ਸੋ ਇਹ ਉਸਨੇ (ਸਾਧੂ ਨੇ) ਰੇਡੀਓ ਤੇ ਬਿਆਨ ਦਿੱਤਾ ਅਤੇ ਅਖਬਾਰਾਂ ਵਿਚ ਆਇਆ। ਮੈਂ ਉਹਨਾਂ ਨੂੰ ਲਮਪੌਂਗ ਸ਼ਹਿਰ, ਚੰਗਮਈ ਸ਼ਹਿਰ ਦੇ ਕੋਲ, ਜਾ ਕੇ ਮਿਲਿਆ। ਉਹਨਾਂ ਨੇ ਆਖਿਆ ਇਹ ਸਾਡੀਆਂ ਪੁਰਾਣੀਆਂ ਪੁਸਤਕਾਂ ਵਿਚ ਲਿਖਿਆ ਹੈ, ਤਾੜ ਪੱਤਰਾਂ ਤੇ। ਅਸਾਂ ਉਹ ਕੱਢ ਕੇ ਪੁਰਾਣੀਆਂ ਕਿਤਾਬਾਂ ਛਾਪੀਆਂ ਨੇ। ਉਹਨਾਂ ਵਿਚ ਜ਼ਿਕਰ ਆਇਆ ਹੈ। ਅਸੀਂ ਇਸ ਨੂੰ ਸੱਚਾ ਮੰਨਦੇ ਹਾਂ।

*ਕੰਜਲਕ ਨੈਨ ਕੰਬੁ ਗ੍ਰੀਵਹਿ ਕਟਿ ਕੇਹਰ ਕੁੰਜਨ ਗਵਨ।।*
***ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ।।***

ਸਤਿਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਐਸਾ ਕੌਣ ਹੋ ਸਕਦਾ ਹੈ? ਇਸ ਲਈ ਸਤਿਗੁਰਾਂ ਦੇ ਦਰਸ਼ਨਾਂ ਵਾਸਤੇ ਅਰਦਾਸ ਕਰਿਆ ਕਰੋ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੀ ਕਿਰਪਾ ਕੀਤੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਢਾਈ ਲੱਖ ਪਾਠ, ਸਵਾ ਸਵਾ ਲੱਖ ਦੋ ਵੇਰਾਂ ਕਰਵਾਏ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕਰਵਾਏ ਹਨ। ਕੋਈ ਪੁੱਤਰ ਪੋਤਰਿਆਂ ਵਾਸਤੇ ਨਹੀਂ ਕਰਵਾਏ। ਇਹ ਪਾਠ ਜ਼ਮੀਨਾਂ ਖਰੀਦਣ ਵਾਸਤੇ ਨਹੀਂ ਕਰਵਾਏ ਸਿਰਫ ਇਸ ਲਈ ਕਰਵਾਏ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ ਅਤੇ ਸਾਰੇ ਸੰਸਾਰ ਉੱਤੇ ਸ਼ਾਂਤੀ ਹੋਵੇ।


ਇਨ੍ਹਾਂ ਪਾਠਾਂ ਦੀ ਬੜੀ ਮੁਖ਼ਾਲਫਤ ਹੋਈ। ਗਿਆਨੀ ਮੇਹਰ ਸਿੰਘ ਹੋਰੀਂ ਜਾਣਦੇ ਨੇ ਕਿ ਪੱਤਰਾ ਪਾਠ ਦੀ ਮੁਖ਼ਾਲਫਤ ਇਹ ਆਖ ਕੇ ਕੀਤੀ ਗਈ ਕਿ ਦੇਹ ਦਾ ਅੰਗ ਅੰਗ ਕਰ ਦਿੱਤਾ ਹੈ। ਉਹਨਾਂ ਨੂੰ ਬੜਾ ਸਮਝਾਇਆ ਕਿ ਗੁਟਕੇ, ਪੰਜ ਗ੍ਰੰਥੀਆਂ ਬੜੇ ਛਪੇ ਨੇ, ਓਦੋਂ ਅੰਗ ਅੰਗ ਨਹੀਂ ਹੋਇਆ ਤਾਂ ਹੁਣ ਕਿਵੇਂ ਹੋ ਗਿਆ? ਨਾਮਧਾਰੀ ਸਿੰਘ ਹਰ ਇਕ ਪੱਤਰੇ ਦਾ ਓਨਾ ਹੀ ਅਦਬ ਕਰਦਾ ਹੈ ਜਿੰਨਾ ਕਿ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਅਦਬ ਕਰਦਾ ਹੈ। ਸਾਰੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਨ ਲਗਦਾ ਹੈ ਤਾਂ ਸਣੇਕੇਸੀਂ ਇਸ਼ਨਾਨ ਕਰਕੇ, ਪਵਿੱਤਰ ਹੋ ਕੇ ਕਰਦਾ ਹੈ। ਜੰਗਲ ਜਾਂਦਾ ਹੈ ਤਾਂ ਬਸਤਰ ਧੋਂਦਾ ਹੈ। ਇਕ ਪੱਤਰੇ ਦਾ ਵੀ ਪਾਠ ਕਰਦਾ ਹੈ ਤਾਂ ਏਸੇ ਮਰਯਾਦਾ ਨਾਲ ਕਰਦਾ ਹੈ ਜਿਥੇ ਮਿਟੀ ਦੇ ਤੇਲ ਦੀਆਂ ਬੱਤੀਆਂ ਜਗਾ ਕੇ, ਬੂਟਾਂ ਵਾਲੇ ਪੈਰਾਂ ਨਾਲ ਜਾ ਕੇ ਪਾਠ ਕਰਨ ਲਗ ਪੈਣ, ਕੀ ਉਹ ਅਦਬ ਹੈ? ਬਾਅਦ ਵਿਚ ਉਹਨਾਂ ਦੱਸਿਆ ਕਿ ਗੱਲ ਅਸਲ ਵਿਚ ਇਹ ਸੀ ਕਿ ਕੂਕਿਆਂ ਨੂੰ ਚਾਰ ਗਾਲ੍ਹਾਂ ਕੱਢਣੀਆਂ ਸਨ। ਹੋਰ ਪਾਠ ਦੀ ਤੇ ਕੋਈ ਗੱਲ ਹੀ ਨਹੀਂ ਸੀ। ਸੋ ਕੋਈ ਗਾਲ੍ਹਾਂ ਕੱਢੇ ਕੁਝ ਕਰੇ -

***ਅਬ ਹਮ ਚਲੀ ਠਾਕੁਰ ਪਹਿ ਹਾਰਿ।।***
***ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ।।***
***ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰ ਜਾਰਿ।।***
***ਕੋਈ ਭਲਾ ਕਹਉ ਭਾਵੈ ਬੁਰਾ ਕਹਉ***
***ਹਮ ਤਨੁ ਦੀਓ ਹੈ ਢਾਰਿ।।***

ਇਸ ਵਾਸਤੇ ਤਕੜੇ ਹੋਵੋ, ਹਿੰਮਤ ਕਰੋ, ਹਿੰਮਤ ਨ ਹਾਰੋ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ। ਉਹਨਾਂ ਦੇ ਦਰਸ਼ਨਾਂ ਨਮਿਤ ਵੱਧ ਤੋਂ ਵੱਧ ਭਜਨ, ਪਾਠ, ਅਖੰਡ ਪਾਠ, ਤੇ ਵਰਨੀਆਂ, ਹਵਨ ਆਦਿ ਕੀਤੇ ਜਾਣ। ਜਿਹੜੇ ਹਿੰਮਤ ਕਰ ਕੇ ਤੁਰ ਪੈਂਦੇ ਨੇ ਉਹ ਸਫਲਤਾ ਪ੍ਰਾਪਤ ਕਰ ਲੈਂਦੇ ਨੇ। ਤੁਸੀਂ ਵੀ ਹਿੰਮਤ ਕਰ ਕੇ ਨਾਮ ਜਪੋ ਤੇ ਆਪਣਾ ਜਨਮ ਸਫਲ ਕਰੋ:

***ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ।।***
***ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ।।***

■



ਚੀਨੀ ਘੋੜੀ ਤੇ ਸਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

# ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ

✍ **ਸੁਰਜੀਤ ਸਿੰਘ ਜੋਬਨ**

ਬਸੰਤ ਰਿਤੂ ਦਾ ਪੂਰੇ ਭਾਰਤ ਵਿਚ ਉਤਸ਼ਾਹ ਨਾਲ ਸੁਆਗਤ ਕੀਤਾ ਜਾਂਦਾ ਹੈ। ਇਸ ਨੂੰ ਰਿਤੂਆਂ ਦਾ ਰਾਜਾ ਵੀ - ਰਿਤੂਰਾਜ ਵੀ ਆਖਿਆ ਜਾਂਦਾ ਹੈ। ਪੂਰੀ ਕੁਦਰਤ ਹਰਿਆਵਲ ਵਿਚ ਝੂਮਣ ਲੱਗ ਜਾਂਦੀ ਹੈ। ਬਸੰਤ ਸਰਦੀ ਦੇ ਜਾਣ ਦਾ ਹੀ ਸੰਕੇਤ ਕਰਦਾ ਹੈ। ਕੁਦਰਤ ਦੀ ਹਰਿਆਵਲ ਨੂੰ ਵੇਖ ਕੇ ਇਹ ਅਹਿਸਾਸ ਹੁੰਦਾ ਹੈ ਕਿ ਕਰਤਾ ਦੀ ਕੁਦਰਤ ਦੇ ਇਹ ਨਜ਼ਾਰੇ ਕਿਤਨੇ ਰੰਗੀਨ ਅਤੇ ਸੰਜੋਗੀ ਹਨ।

ਇਸੇ ਬਸੰਤ ਪੰਚਮੀ ਦੇ ਦਿਨ ਜ਼ਿਲ੍ਹਾ ਲੁਧਿਆਣਾ ਦੀ ਧਰਤੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਇਆ। ਉਸ ਵੇਲੇ ਪੰਜਾਬ ਤੇ ਦੇਸੀ ਰਿਆਸਤਾਂ - ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਕਪੂਰਥਲਾ, ਸੰਗਰੂਰ ਆਦਿ ਵਿਚ ਸਿੱਖ ਰਾਜਸ਼ਾਹੀ ਮੌਜੂਦ ਸੀ। ਪਰ ਇਹ ਸਾਰੇ ਰਾਜੇ ਅੰਗਰੇਜ਼ ਸਰਕਾਰ ਦੇ ਗੁਲਾਮ ਸਨ, ਉਸ ਦੇ ਹੱਥਠੋਕੇ ਸਨ। ਦੂਸਰੇ ਪਾਸੇ ਅੰਮ੍ਰਿਤਸਰ ਤੋਂ ਲੈ ਕੇ ਧੁਰ ਅਫਗਾਨਿਸਤਾਨ ਦੀ ਸਰਹੱਦ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਸੀ ਅਤੇ ਇਸ ਨੂੰ ਖਾਲਸਾ ਰਾਜ ਪੁਕਾਰਿਆ ਜਾਂਦਾ ਸੀ। ਮਾਝਾ, ਮਾਲਵਾ, ਦੁਆਬਾ ਦੇ ਹਰੇਕ ਨੌਜਵਾਨ ਦਾ ਸੁਪਨਾ ਹੁੰਦਾ ਸੀ ਕਿ ਉਹ ਖਾਲਸਾ ਰਾਜ ਦੀ ਫੌਜ ਵਿਚ ਸ਼ਾਮਿਲ ਹੋ ਕੇ ਆਪਣੀ ਬਹਾਦਰੀ ਨਾਲ ਨਾਮਣਾ ਕਮਾਏ। ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਖਾਲਸਾ ਰਾਜ ਦੀ ਸੁਤੰਤਰ ਹੋਂਦ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਦਾ ਪੂਰਾ ਦਬਦਬਾ ਕਾਇਮ ਸੀ। ਪਰ ਇਹ ਦਬਦਬਾ ਉਸ ਦੇ ਪੁੱਤਰ ਅਤੇ ਉਤਰਾਧਿਕਾਰੀ ਕਾਇਮ ਨਹੀਂ ਰੱਖ ਸਕੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਬੰਦ ਕਰਦੇ ਹੀ ਕੁਝ ਵਰ੍ਹਿਆਂ ਵਿਚ ਖਾਲਸਾ ਰਾਜ ਤਾਸ਼ ਦੇ ਪੱਤਿਆਂ ਵਾਂਗ ਖੇਰੂੰ ਖੇਰੂੰ ਹੋ ਗਿਆ।

ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਹਾਲਾਤ ਨੂੰ ਵੇਖਿਆ, ਚਿੰਤਨ ਅਤੇ ਮਨਨ ਕੀਤਾ ਅਤੇ ਜੋ ਕੁਝ ਕਰਨਾ ਸੀ ਉਸ ਬਾਰੇ ਡੂੰਘਾ ਵਿਚਾਰ ਕੀਤਾ।

ਸਤਿਗੁਰੂ ਜੀ ਦੇ ਸਾਹਮਣੇ ਬਹੁਤ ਸਾਰੀਆਂ ਮੁਸ਼ਕਲਾਂ ਸਨ। ਦੇਸੀ ਸਿੱਖ ਰਿਆਸਤਾਂ ਵਿਚ ਸਿੱਖੀ ਦਾ ਘਾਣ ਹੋ ਰਿਹਾ ਸੀ ਅਤੇ ਵੱਡੇ ਗੁਰਦੁਆਰੇ ਉਹਨਾਂ ਮਹੰਤਾਂ ਦੇ ਹੱਥਾਂ ਵਿਚ ਆ ਗਏ ਸਨ ਜਿਹੜੇ ਅੰਰਗੇਜ਼ ਦੀ ਟੁਕੜਬੋਚੀ ਵਿਚ ਲੱਗੇ ਹੋਏ ਸਨ। ਉਹਨਾਂ ਲਈ ਆਪਣੇ ਸੁਆਰਥ ਅਤੇ ਮਾਲਿਕ ਅੰਗਰੇਜ਼ ਦੀ ਸਲਾਮਤੀ ਪਹਿਲਾਂ ਸੀ, ਰੱਬ ਦਾ ਨਾਂ ਬਹੁਤ ਪਿੱਛੇ ਦੀ ਗੱਲ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਸਭ ਤੋਂ ਵੱਡਾ ਟੀਚਾ ਸੀ ਪੰਜਾਬੀਆਂ ਦੇ ਨਰਕ ਵੱਲ ਜਾਂਦੇ ਵਿਸ਼ਵਾਸ, ਅਕੀਦੇ ਅਤੇ ਆਦਰਸ਼ ਨੂੰ ਮੁੜ ਸੁਰਜੀਤ ਕਰਨਾ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਹਿਤ ਰੱਖਣ ਵਾਲਾ ਸਿੱਖ ਨਸ਼ਿਆਂ ਵਿਚ ਗਰਕ ਹੋ ਚੁੱਕਿਆ ਸੀ, ਉਸ ਦਾ ਇਖਲਾਕ ਗਿਰ ਚੁੱਕਾ ਸੀ, ਸੱਚ ਤੇ ਸੁੱਚ ਨਾਲ ਉਸਦਾ ਦੂਰ ਦੂਰ ਤਕ ਨਾਤਾ ਰਿਸ਼ਤਾ ਨਹੀਂ ਰਿਹਾ ਸੀ। ਪੱਗਾਂ ਬਦਲ ਗਈਆਂ, ਰਹਿਣ ਸਹਿਣ ਬਦਲ ਗਿਆ, ਤੌਰ ਤਰੀਕਾ ਬਦਲ ਗਿਆ। ਜ਼ਿਮੀਦਾਰਾਂ ਨੇ ਅਮੀਰੀ ਵਿਖਾਣੀ ਸ਼ੁਰੂ ਕਰ ਦਿੱਤੀ। ਬੱਚਿਆਂ ਦੇ ਵਿਆਹ ਵੇਲੇ ਮੁਸਲਮਾਨ ਕੰਜਰੀਆਂ ਬਾਹਰੋਂ ਮੰਗਵਾ ਕੇ ਬਰਾਤੀਆਂ ਅਤੇ ਘਰਵਾਲਿਆਂ ਅੱਗੇ ਨਚਵਾਈਆਂ ਜਾਂਦੀਆਂ। ਸ਼ਰਾਬ ਅਤੇ ਮਾਸ ਦੇ ਖੁਲ੍ਹੇ ਦੌਰ ਚਲਦੇ। ਇਸ ਵਿਚ ਕੌਣ ਸੱਚ ਅਤੇ ਸੁੱਚ ਦੀ ਗੱਲ ਕਰੇ।

ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਸੱਚ ਅਤੇ ਸੁੱਚ ਤੇ ਪਹਿਰਦੇਦਾਰੀ ਕੀਤੀ। ਖੰਡਿਓਂ ਤਿਖੀ ਵਾਲਹੁ ਨਿਕੀ ਸਿੱਖੀ ਦਾ ਸਰੂਪ ਪਰਤਣ ਲੱਗਾ। ਪਿਸ਼ਵਰੀ ਪੱਗਾਂ ਤੇ ਸਲਵਾਰਾਂ ਦੀ ਜਗ੍ਹਾ ਤੇ ਸੰਤ ਪੱਗਾਂ ਅਤੇ ਚੂੜੀਦਾਰ ਪਜਾਮੇ ਪੈਣ ਲੱਗੇ। ਸਿਰ ਤਲੀ ਤੇ ਰੱਖਣ ਦੀ ਗੱਲ ਪੁਨਰ ਜੀਵਤ ਹੋਣ ਲੱਗੀ। ਦੇਸ਼ ਪਿਆਰ ਦੀ ਗੱਲ ਵਾਸਤੇ ਪਹਿਲੀ ਸ਼ਰਤ ਹੀ ਸੱਚ ਹੁੰਦੀ ਹੈ। ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਸੱਚ ਅਤੇ ਸੁੱਚ ਤੋਂ ਭਾਰੀ ਨਫਰਤ ਸੀ। ਉਹਨਾਂ ਨਾਲ ਮਹੰਤਾਂ, ਜਿਮੀਂਦਾਰਾਂ ਨੂੰ ਵੀ ਸੱਚ ਅਤੇ ਸੁੱਚ ਤੋਂ ਭਾਰੀ ਨਫਰਤ ਸੀ। ਸੱਚ ਤੇ ਰਹਿਣ ਵਾਲਾ ਬੇਈਮਾਨੀ ਨਹੀਂ ਕਰ ਸਕਦਾ। ਉਸਨੂੰ ਇਸ ਜੀਵਨ ਦੀ ਲਾਲਸਾ ਨਹੀਂ ਰਹਿ ਜਾਏਗੀ। ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਇਹੀ ਕੰਮ ਕੀਤਾ। ਆਮ ਆਦਮੀ ਨੂੰ ਸਿੱਖ ਬਣਾਇਆ। ਸਿੱਖ ਵਿਚ ਆਤਮ ਵਿਸ਼ਵਾਸ ਜਗਾਇਆ, ਉਸ ਨੂੰ **(ਬਾਕੀ ਸਫਾ 7 'ਤੇ)**

# सतिजुग

**1920 में स्थापित**

# बसन्त ऋतु में रामावतार

✍ **डा. सतवंत कौर मठारु**

बसन्त ऋतु का नामधारी सम्प्रदाय में विशेष महत्व है, क्योंकि इस पावन दिन को इस सम्प्रदाय के संस्थापक, कलियुग के राम सद्‌गुरु राम सिंह जी का आगमन हुआ। जिन्होने लोगों को भक्ति, देश भक्ति तथा स्वाधीनता के प्रति सुचेत किया था। पंजाब में कूका लहर चलाकर अंग्रेजी प्रशासन की कूट नीतियों व अत्याचारों के विरुद्ध आवाज उठाई थी।

**परिस्थितियां**-महाराजा रणजीत सिंह के पश्चात देश व समाज की दशा बड़ी शोचनीय थी। सिक्ख समाज भ्रष्टाचार व पतन के कागार पर पहुंच गया। धीरे धीरे अंग्रेजी शासकों ने भारत पर अपना अधिकार जमाना प्रारम्भ कर दिया। भारतीय जनता अंग्रेजों की पराधीनता व उनके अत्याचारों से पीड़ित होकर हताश हो रही थी।

**आगमन का समय व स्थल**- श्री सद्‌गुरु राम सिंह जी ने सम्मत विक्रमी 1872 – 1816 ई. माघ सुदी पंचग छष्टम, अर्ध रात्रि बृहस्पतिवार, बसंत पचंमी को गांव राईयां, जिला लुधियाना में एक रामगढ़िया परिवार में संत जस्सा सिंह के गृह में अवतार धारण करके माता सदा कौर को धन्य किया। कहा जाता है कि आपका जन्म अन्य लोगों की भांति गर्भ में नहीं हुआ। आप प्रकट हुअे थे इस बात का प्रमाण ऐतिहासिक सूत्रों से मिलता है। आपके दिव्य प्रकाश से सगल सृष्टि प्रकाशमय हो उठी। चारों तरफ प्रसन्ता की लहर दौड़ गई। कुछ समय राईयां में रहने के पश्चात आपका परिवार जीवन यापन के लिये श्री भैणी साहिब में आ गया।

**कर्म भूमि स्थल व विशेष कार्य**- श्री भैणी साहिब में आपकी शिक्षा दीक्षा हुई। आपने बाल्य अवस्था में प्रवेश किया तो आपका व्यक्तित्व बहुत प्रभावशाली व आकर्षक था। आपने इस भूमि को ही अपना कर्म स्थल बनाया। देश व समाज की स्थिति को देखते हुए आपने 12 अप्रैल 1857 ई., बैसाखी के दिन गुरु गोबिन्द सिंह जी की भांति खण्डे बाटे का अमृत तैयार करके पांच सिक्खों को पुनः अमृतपान कराया। उन्हें कान में गुरु मंत्र दिया और सिक्खी के सिद्धांतों से अवगत कराया जो उस समय सिक्ख समाज में विस्मृत हो चुके थे। गुरुवाणी का अध्यन और श्री आदि ग्रंथ की पठन क्रिया को पुनः आरम्भ करवाया। आपने सिक्खों को श्वेत सादे वस्त्रधारी, गोल सीधी दस्तार, चूड़ीदार पजामा और कलीधार कुरता बनाकर संत खालसा सजाया। इसी दिन कूका पंथ की स्थापना की। कूका लहर चलाकर लोगों में लुप्त हुई देश भक्ति व स्वाभिमान की भावना को जागृत किया। दशम गुरु पुनः बाहरवें गुरु के रुप में प्रकट हुए।

**क्रान्तिकारी रुप**- श्री सद्‌गुरु राम सिंह जी बहु पक्षीय क्रान्तिकार के रुप में प्रकट हुए। आपने धार्मिक समाजिक तथा राजनैतिक क्षेत्र में क्रान्ति ला दी। समाज में पनप रही कुरीतियों को दूर किया। देश व समाज की स्थिति सुधारने, लोगों के अधिकारों तथा मान सम्मान की रक्षा करने का प्रयास किया। कूका लहर द्वारा आजादी की अलख जगाई तथा अंग्रेजी प्रशासन के विरुद्ध आवाज उठाई। गउ गरीब का रक्षक तथा मसीहा बनकर लोगों का मार्ग दर्शन किया। कूका लहर ने गउ हत्या का विरोध किया। अंग्रेजी राज के विरुद्ध आन्दोलन छेड़ दिया। स्वदेशी वस्तुओं का प्रयोग करने की प्रेरणा दी और निजी सेवाओं का आरम्भ किया। पंजाबी भाषा के अध्ययन पर जोर दिया। नशों पर पाबन्दी लगाई।

**स्त्री दशा में सुधार**-श्री सद्‌गुरु राम सिंह जी ने स्त्री जाति पर विशेष कृपा की। स्त्री पर हो रहे अत्याचारों का विरोध किया। भ्रूण हत्या, जन्म से लड़की वध पर रोक लगाई। उसके क्रय विक्रय पर रोक लगाई। स्त्री को अमृतपान कराकर उन्हें पुरषों के समान अधिकर प्रदान किया और सूबों को बनाकर स्वराज की स्थापना की। स्त्री शिक्षा पर बल दिया। सामूहिक विवाह पद्धति का प्रचलन किया। दहेज प्रथा का विरोध किया तथा लोक हित कार्य किये।

गुरु साहिब के बढ़ते हुए प्रभाव देखकर अंग्रेज सरकार परेशान हो गई। अमृतसर, रायेकोट तथा मलेरकोटला की घटना में बहुत से सिक्ख कूको ने गउ गरीब की रक्षा में अपना बलिदान दिया। इसके पश्चात 18 जनवरी 1872 ई. को अंग्रेज सरकार ने आपको जलावतन करके रंगून भेज दिया। आपके पश्चात गुरु हरी सिंह, श्री सद्‌गुरु प्रताप सिंह ने आपके सिद्धांतों का प्रचार किया। श्री सद्‌गुरु जगजीत सिंह जी पूरी निष्ठा से आपका कर्तव्य निभा रहे हैं। ■

SATJUG
ESTABLISHED IN 1920

# 197TH INCARNATION DAY OF SRI SATGURU RAM SINGH JI THE PIONEER OF AHIMSAK NON-CO-OPERATION MOVEMENT FOR THE FREEDOM OF THE COUNTRY STARTED ON 12TH APRIL 1857.

**DAZZLING LIGHT-**Satguru Ram Singh Ji saved the humanity from the evil designs of the foreign rulers and helped India get emancipated from the clutches of the slavery. The Primeval Lord blessed Baba Jassa Singh and Mata Sada Kaur to be the revered parents of twelfth incarnation of Guru Nanak Dev Ji. It was Thursday, the 3rd of February 1816 AD ( Magh Sudi Panchmi, 1872 Bikrami) i.e. the Basant Panchmi day. On that day, a mysterious supernatural happening took place , when a lifeless piece of flesh was only born. Everybody at home including the mid wife, were not only astonished but even considered this as bad omen. They buried this piece of flesh in the ground. The entire family was in deep shock and distress over this unnatural happening. Their joy, however, knew no bounds when they saw a dazzling light in the room and a baby boy playing on the cot. The baby was named Ram Singh. **-Beant Kaur**


**THE SUPERNATURAL CHILD-** The super-naturally born child was named as Ram Singh (Ram Dhan). As a child , Guru Ram Singh was altogether different from other babies. His actions and behavior were supernatural, as a child, he seldom played with other boys of the village, rather he would keep himself aloof and busy in Naam Simran and sometimes singing Gurbani with his mates. He had no interest in worldly affairs and devoted most of his time in prayers and meditation , his father tried his best to allure him to other worldly activities, but failed; even his marriage at the early age could not change his mind. In his youth, he grew up as a stalwart handsome figure with a broad forehead , beautiful eyes, sharp nose, thin delicate lips, raised neck, long arms and a robust build. He was liked by everyone for his modesty, calm and serene nature.

**-The Namdhari Sikhs**

**BIRTH OF A REVOLUTIONARY-**During the prime time of the Sikh rule and the expansion of the Company administration to new areas, a male child was born to a carpenter in a relatively unknown village Raian in Ludhiana district. He was given the name of Ram Dhan by his father Jassa Singh. This boy turned as Satguru Ram Singh and with his good deeds brought revolution in religious, social, cultural and political life of the people. He was born on the night of Magha 5th and 6th in 1872 Bikrami year (3rd February, 1816). His mother's name was Mata Sada Kaur. His father Jassa Singh was a noble artisan in village Raian.

**RESPECT FOR WOMEN-**The Indian social structure was on a downfall because of illiteracy, ignorance, superstitions, economic and caste differences and contempt for the women. He encouraged education and forbade the idol, grave and the stone worship and blind faith. He showed them the path to live in peace and harmony leaving aside the caste and riches differences. He ordained them to give their due respect to women, who were oppressed for centuries. He strictly forbade the killing of new born girl child and selling and barter of women folk. He organized the Kukas to stop taking dowry and to favour widow re-marriage. He put an end to child marriage. He ordained in one of his commandments: 'Nobody should sell the women folk or barter them. This message should be carried to all that they should not marry their daughters before the age of fifteen or sixteen years. In the words of Kapur Singh, IAS:

'Even if we keep aside the services he rendered to the nation and the people, he made his place among top reformers in the world with just one of his teachings that the male and female have equal rights in the society.' **-Saptsring**



SRI SATGURU RAM SINGH JI

**PREACHED TRUTH AND RIGHTEOUSNESS-**The Satguru persuaded the Kukas to inculcate moral values. He wanted them to be model human beings so that they could lead the society and the country and acquire high moral values. They should respect other women folk as their own daughters and sisters. They should not be adulterers, should never indulge in stealing, robbing or treachery, should never take interest on money lent to others, they should be content with their pious earnings and in case they chance upon someone's lost thing, they should not keep it with them. They should keep themselves away from any kind of greed, infatuation, arrogance and anger. They should even forgive the person who beats them. They should lead a pious life and follow Guru's rituals. They should be revolutionary in their thinking.

In the words of M.M. Ahluwalia:

'He (Satguru Ram Singh) understood that the battle for freedom which was not a lesser part of his religion, could hardly be won without a social and moral purge. This is why he began preaching truth and righteousness. **(Kuka Movement)**

# ਜੁਗ ਪਲਟਾਊ ਸ੍ਰੀ ਸਤਿਗੁਰੂ ਰਾਮ ਸਿੰਘ ਜੀ

✍ **ਗੁਰਦੇਵ ਸਿੰਘ ਚੀਮਾਂ**

*ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ।।*
*ਫਿਰ ਰਾਮ ਮ੍ਰਿਗੇਸ*
*ਉਪਦੇਸ ਦੈਨ ਲਾਗਿਉ।।*
*ਹੁਕੇ ਛੁਡਵਾਏ ਰਖਵਾਏ ਕੇਸ ਮੋਨਯੋ ਕੋ।।*
*ਸੁਧਾ ਛਕ ਥਾਇ ਸਿਖ*
*ਭਾਵ ਜਿਨੈ ਜਾਗਿਓ।।*
*ਫੈਲਯੋ ਜਸ ਭਾਰੀ*
*ਸਿਖ ਥੀਏ ਤਾਹਿ ਕੇ ਅਪਾਰੀ।।*
*ਸਿੰਘ ਪੰਥ ਬਿਰਦਾ*
*ਇਉ ਨਾਮ ਰਸ ਪਾਗਿਓ।।*
*ਫੀਮ ਭੰਗ ਪੋਸਤ ਸ਼ਰਾਬ ਮਾਸ*
*ਚੋਰੀ ਯਾਰੀ ਠੱਗੀ ਤਜਥੀਏ*
*ਸੰਤ ਸਤਿਜੁਗ ਆ ਗਿਉ।।*

*–ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਇਕ ਅਜਿਹੇ ਸਮੇਂ ਵਿਚ ਹੋਇਆ ਜਦੋਂ ਸਿੱਖ ਧਰਮ ਖੰਭ ਲਾ ਕੇ ਉਡ ਗਿਆ ਸੀ। ਸਿੱਖ ਸਿੱਖੀ ਸਿਧਾਂਤਾਂ ਨੂੰ ਭੁੱਲ ਗਏ ਸਨ। ਉਹ ਮਾਸ-ਸ਼ਰਾਬ, ਚੋਰੀ-ਯਾਰੀ, ਠੱਗੀ, ਕੁਕਰਮਾਂ ਵਿਚ ਗਲਤਾਨ ਹੋ ਚੁੱਕੇ ਸਨ। ਉਹ ਆਪਣੇ ਗੁਰੂ ਸਾਹਿਬਾਂ ਦੇ ਹੁਕਮਾਂ ਤੋਂ ਦੂਰ ਜਾ ਚੁੱਕੇ ਸਨ। ਇਕ ਅਜਿਹੇ ਸਮੇਂ ਵਿਚ ਆ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਨੂੰ ਸੰਭਾਲਿਆ। ਜ਼ਿਲ੍ਹਾ ਲੁਧਿਆਣੇ ਦੇ ਇਕ ਛੋਟੇ ਜਿਹੇ ਪਿੰਡ ਰਾਈਆਂ-ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਸੰਨ 1816 ਈ. ਨੂੰ ਬਸੰਤ ਪੰਚਮੀ ਵਾਲੇ ਦਿਨ ਪਿਤਾ ਸ. ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਗ੍ਰਿਹਿ ਵਿਖੇ ਅਵਤਾਰ ਧਾਰਿਆ। ਜਵਾਨ ਅਵਸਥਾ ਵਿਚ ਕੰਵਰ ਨੌਨਿਹਾਲ ਸਿੰਘ ਦੀ ਰੈਜਮੈਂਟ ਵਿਚ ਭਰਤੀ ਹੋ ਕੇ ਫੌਜੀਆਂ ਵਿਚ ਇਕ ਅਜਿਹੀ ਭਗਤੀ ਭਾਵਨਾ ਪੈਦਾ ਕਰ ਦਿੱਤੀ ਕਿ ਇਹਨਾਂ ਦੀ ਪਲਟਣ ਨਾਮ ਹੀ 'ਭਗਤਾਂ ਵਾਲੀ ਪਲਟਣ' ਹੀ ਪੈ ਗਿਆ ਸੀ। ਇਸ ਤੋਂ ਬਾਅਦ ਪੇਸ਼ਾਵਰ (ਹਜ਼ਰੋ) ਦੇ ਇਕ ਪਿੰਡ ਛੋਈ ਵਿਖੇ ਸ੍ਰੀ ਸਤਿਗੁਰੂ ਬਾਲਕ ਸਿੰਘ ਤੋਂ ਗੁਰਤਾ ਪ੍ਰਾਪਤ ਕਰਕੇ ਸ੍ਰੀ ਭੈਣੀ ਸਾਹਿਬ ਆ ਗਏ।


ਹਰੇਕ ਜੁਗ ਦੀਆਂ ਆਪਣੀਆਂ ਕਦਰਾਂ ਕੀਮਤਾਂ ਹੁੰਦੀਆਂ ਹਨ ਤੇ ਉਸ ਦੀ ਆਪਣੀ ਸੰਸਕ੍ਰਿਤੀ ਵੀ ਹੁੰਦੀ ਹੈ। ਉਸ ਵੇਲੇ ਦੀਆਂ ਪ੍ਰਚਲਤ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਰੀਤੀ ਰਿਵਾਜਾਂ ਨੂੰ ਬਦਲਣ ਤੋਂ ਬਿਨਾਂ ਰਾਜਨੀਤਕ ਸਿਧਾਂਤਾਂ ਨੂੰ ਵੀ ਬਦਲਣ ਦਾ ਮਹਾਨ ਕਾਰਜ ਆਰੰਭਿਆ। ਇਸ ਸਿਧਾਂਤ ਨੇ ਕੂਕਾ ਲਹਿਰ ਦੀ ਸ਼ੁਰੂਆਤ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਵੇਲੇ ਦੇ ਪ੍ਰਚਲਤ ਢਾਂਚਿਆਂ ਨੂੰ ਬਦਲ ਕੇ ਆਪਣਾ ਇਕ ਨਵਾਂ ਸੰਵਿਧਾਨ ਤਿਆਰ ਕੀਤਾ, ਇਕ ਨਵੇਂ ਸਮਾਜ ਦੀ ਸਿਰਜਨਾ ਕੀਤੀ ਜਿਸਦਾ ਨਾਮ ਸੀ – ਕੂਕਾ, ਨਾਮਧਾਰੀ – ਸੰਤ ਖਾਲਸਾ। ਇਸ ਜੁਗ ਪਲਟਾਊ ਲਹਿਰ ਦੇ ਰਹਿਬਰ ਸਤਿਗੁਰੂ ਰਾਮ ਸਿੰਘ ਜੀ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਗਹਿਰੀ ਰਸਾਤਲ ਵਿਚ ਜਾ ਚੁੱਕੇ ਭਾਰਤ ਦੇ ਲੋਕਾਂ ਨੂੰ ਮੁੜ ਉਚਾ ਚੁੱਕਿਆ। ਉਹਨਾਂ ਨੇ ਸਭ ਤੋਂ ਪਹਿਲਾਂ ਦੇਸ਼ ਦੀ ਅਜ਼ਾਦੀ ਦਾ ਬਿਗਲ ਵਜਾਇਆ। ਇਸ ਬਿਗੁਲ ਦੀ ਆਵਾਜ਼ ਏਨੀ ਤੇਜ਼ ਸੀ ਕਿ ਇਸ ਨੇ ਅੰਗਰੇਜ਼ ਸਾਮਰਾਜ ਦੀ ਨੀਂਦ ਹਰਾਮ ਕਰ ਦਿੱਤੀ। ਇਸ ਬਿਗੁਲ ਨੇ ਲੋਕਾਂ ਨੂੰ ਸੁਚੇਤ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਅੰਦਰ ਇਕ ਅਸਹਿ ਜੋਸ਼ ਭਰ ਦਿੱਤਾ ਜਿਸ ਦੇ ਅੱਗੇ ਅੰਗਰੇਜ਼ ਸਰਕਾਰ ਠਹਿਰ ਨਾ ਸਕੀ। ਸਤਿਗੁਰੂ ਦੇ ਉਹ ਮਹਾਨ ਸਿੰਘ ਸੂਰਮੇ ਜਿਹਨਾਂ ਨੂੰ ਮਰਨ ਦੀ ਤਾਂ ਭੋਰਾ ਵੀ ਫਿਕਰ ਨਹੀਂ ਸੀ, ਆਪਣੇ ਹੱਥਾਂ ਨਾਲ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ। ਮਲੇਰਕੋਟਲੇ ਦਾ ਰੱਕੜ ਇਸ ਗੱਲ ਦੀ ਗਵਾਹੀ ਭਰਦਾ ਹੈ। ਇਸ ਰੱਕੜ ਵਿਚ ਮੌਤ ਦਾ ਨੰਗਾ ਨਾਚ ਹੋਇਆ। ਕੂਕਿਆਂ ਸ਼ੇਰਾਂ ਨੇ ਤੋਪਾਂ ਦੇ ਸਾਹਮਣੇ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਦੁਨੀਆਂ ਦੇ ਇਤਿਹਾਸ ਵਿਚ ਇੰਨੀ ਵੱਡੀ ਕੁਰਬਾਨੀ ਨਹੀਂ ਮਿਲਦੀ। ਕੂਕਿਆਂ ਨੇ ਮੌਤ ਨੂੰ ਮਖੌਲ ਕੀਤੇ। ਉਹਨਾਂ ਸਿੱਖਾਂ ਦੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਸੀ।

ਸਤਿਗੁਰੂ ਰਾਮ ਸਿੰਘ ਜੀ ਪਾਸ ਐਸੀ ਮਿਕਨਾਤੀਸੀ ਸ਼ਕਤੀ ਸੀ, ਜਿਸ ਪਾਸੋਂ ਗੋਰਾ ਸਮਰਾਜ ਏਨਾਂ ਡਰ ਗਿਆ ਸੀ ਕਿ ਉਸਨੇ ਆਪ ਜੀ ਨੂੰ ਜਲਾਵਤਨ ਕਰ ਦਿੱਤਾ। ਉਧਰ ਸਿੱਖਾਂ ਦੀ ਪ੍ਰਤੀਤ ਏਨੀ ਪੀਡੀ ਸੀ ਕਿ ਸਿੱਖ ਸਮੁੰਦਰ ਪਾਰ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਗਏ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਪ੍ਰਚਾਰ ਵਾਸਤੇ 22 ਸੂਬੇ ਸਥਾਪਿਤ ਕੀਤੇ। ਜਿਹੜੇ ਦੌਰੇ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਨਾਲ ਜਾਂਦੇ ਸਨ ਤੇ ਉਥੋਂ ਦਾ ਸਾਰਾ ਇੰਤਜਾਮ ਕਰਦੇ ਸਨ। ਸਤਿਗੁਰੂ ਜੀ ਨੇ ਕੋਈ ਐਸਾ ਪੱਖ ਨਹੀਂ ਛੱਡਿਆ, ਜਿਸਦਾ ਸੁਧਾਰ ਨਾ ਕੀਤਾ ਹੋਵੇ। ਉਹਨਾਂ ਨੇ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਮਰਦਾਂ ਦੇ ਬਰਾਬਰ ਦਾ ਹੱਕ ਦਿੱਤਾ। ਪਿੰਡ ਖੋਟੇ ਵਿਚ ਸਭ ਤੋਂ ਪਹਿਲਾਂ 6 ਅੰਤਰਜਾਤੀ ਵਿਆਹ ਕੀਤੇ। ਜਿਹੜਾ ਅੱਜ ਵੀ ਨਾਮਧਾਰੀ ਪੰਥ ਵਿਚ ਪ੍ਰਚਲਤ ਹੈ। ਬਿਨਾਂ ਦਾਜ ਦਹੇਜ ਤੋਂ, ਸਾਦੇ ਕੱਪੜਿਆਂ ਵਿਚ, ਸਵਾ ਰੁਪਏ ਦੇ ਨਾਲ ਅਨੰਦ ਕਾਰਜ ਹੁੰਦਾ ਹੈ। ਸਤਿਗੁਰੂ ਜੀ ਨੇ ਫਜ਼ੂਲ ਖਰਚਿਆਂ ਤੋਂ ਰੋਕਿਆ।

ਸ. ਕਪੂਰ ਸਿੰਘ ਆਈ ਸੀ. ਐਸ. ਸਪਤਸ੍ਰਿੰਗ ਵਿਚ ਲਿਖਦੇ ਹਨ- ਸਿੱਖ ਗੁਰੂਆਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਵੱਡੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ ਜਿਹਨਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ। ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੋ ਉਹਨਾਂ ਨੇ ਦੇਸ਼, ਜਾਤੀ ਲਈ ਮਹਾਨ ਕੰਮ ਕੀਤੇ ਹਨ, ਉਹ ਛੱਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜ੍ਹਾ ਕਰ ਦਿੰਦਾ ਹੈ।"

ਸਤਿਗੁਰੂ ਰਾਮ ਸਿੰਘ ਜੀ ਨੂੰ ਮਲੇਰਕੋਟਲੇ ਦੀ ਘਟਨਾ ਤੋਂ ਬਾਅਦ ਜਲਾਵਤਨ ਕਰ ਦਿੱਤਾ ਗਿਆ। ਜਲਾਵਤਨੀ ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਨੇ ਅਜ਼ਾਦੀ ਦੀ ਸ਼ਮਾਂ ਨੂੰ ਹੋਰ ਤੇਜ਼ ਕਰ ਦਿੱਤਾ। ਜਿਸ ਦੇ ਡਰ ਤੋਂ ਅੰਗਰੇਜ਼ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਪੁਲਿਸ ਚੌਕੀ ਬਿਠਾ ਦਿੱਤੀ। ਸਤਿਗੁਰੂ ਹਰੀ ਸਿੰਘ ਜੀ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰੇ ਜਾਹੋ ਜਲਾਲ ਨਾਲ ਹਿੱਸਾ ਪਾਇਆ। ਆਜ਼ਾਦੀ ਦੇ ਪੰਨੇ ਨੂੰ ਇਤਿਹਾਸ ਦੇ ਸੁਨਹਿਰੀ ਪੱਤਰਿਆਂ ਤੇ ਲਿਖਿਆ ਗਿਆ ਹੈ। ਇਹੋ ਜਿਹੀ ਮਿਸਾਲ ਕੁਰਬਾਨੀਆਂ ਦੀ, ਨਾ ਮਿਲਵਤਰਨ ਦੀ ਕਿਤੇ ਨਹੀਂ ਮਿਲ ਸਕਦੀ।■



**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਾਜਨਾ ਤੋਂ ਬਾਅਦ ਸੂਬਿਆਂ ਸਹਿਤ ਪ੍ਰਚਾਰ ਦੌਰੇ ਕੀਤੇ।**

# ਭੈਣੀ ਸਤਿਗੁਰੂ ਜਾਗਿਆ... (ਬਾਕੀ ਸਫਾ 2 ਦੀ)

ਸੋ ਧਰਮ ਦੇ ਠੇਕੇਦਾਰਾਂ ਨੇ ਲੋਕਾਈ ਵਿਚ ਇਹ ਗੱਲ ਧੁੰਮਾ ਦਿੱਤੀ ਕਿ ਸਤਿਗੁਰੂ ਰਾਮ ਸਿੰਘ ਜੀ ਕੋਈ 'ਸਯਦਾਨੀ ਕਲਾਮ' ਕੰਨ ਵਿਚ ਦੇਂਦੇ ਹਨ ਜਿਸ ਕਾਰਨ ਸਿੱਖ ਮਸਤਾਨਾ ਹੋ ਜਾਂਦਾ ਹੈ। ਨਿਰਮਲੇ ਸੰਤ ਗਿਆਨ ਗਿਆਨ ਸਿੰਘ ਅਜਮਾਇਸ਼ ਵਜੋਂ ਸ੍ਰੀ ਭੈਣੀ ਸਾਹਿਬ ਆਏ ਅਤੇ ਫਿਰ ਸਤਿਗੁਰਾਂ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ। ਆਪ ਪੰਥ ਪ੍ਰਕਾਸ਼ ਗ੍ਰੰਥ ਵਿਚ ਲਿਖਦੇ ਹਨ ਕਿ ਸਤਿਗੁਰੂ ਜੀ ਚੌਅੱਖਰੇ ਨਾਮ ਤੋਂ ਬਿਨਾਂ ਹੋਰ ਕੁਝ ਵੀ ਸਿੱਖ ਦੇ ਕੰਨ ਵਿਚ ਨਹੀਂ ਦੱਸਦੇ। ਉਹਨਾਂ ਦੀ ਲਿਖਤ ਇਸ ਪ੍ਰਕਾਰ ਹੈ :

*ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,*
*ਜਾਂਹਿ ਸਮ ਔਰ ਦਰਾਜ ਫਲ ਦਾਇਕੈ।*
*ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ,*
*ਸੋਊ ਸਭਿਕੂਰ ਹਮ ਪੇਖਯੋ ਅਜਮਾਇ ਕੈ।*
*ਏਹੀ ਕਲੀਕਾਲ ਕਰਾਲਤਾ ਕੁਚਾਲਤਾ ਕੋ,*
*ਗਾਲਤਾ ਹੈ ਟਾਲਤਾ ਚੁਰਾਸੀ ਜੋਨਿ ਮਾਇ ਕੈ।*
*ਏਸ ਹੀ ਭਜਨ ਮਾਂਹਿ ਰਾਮ ਸਿੰਘ ਸ-ਉਛਾਹਿ,*
*ਲਾਇ ਲਿਵ ਅਧਕਾਹਿ ਰਸਨਾ ਹਲਾਇ ਕੈ।*

ਇਥੇ ਹੀ ਬਸ ਨਹੀਂ, ਸਤਿਗੁਰੂ ਜੀ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਅਧਿਕਾਰ ਦਿੱਤਾ। ਉਹਨਾਂ ਨੇ 1863 ਈ. ਵਿਚ ਪਿੰਡ ਖੋਟੇ ਵਿਚ ਅਨੰਦ ਕਾਰਜ ਦੀ ਮਰਯਾਦਾ ਸ਼ੁਰੂ ਕਰਕੇ ਬੀਬੀਆਂ ਨੂੰ ਗੁਰਮਤਿ ਦਾ ਧਾਰਨੀ ਬਣਾਇਆ ਅਤੇ ਫਿਰ ਬੀਬੀਆਂ ਨੂੰ ਉਸੇ ਸਾਲ ਅੰਮ੍ਰਿਤ ਦੀ ਦਾਤ ਬਖਸ਼ ਕੇ ਪੰਜ ਕਕਾਰ ਦਾ ਧਾਰਨੀ ਬਣਾਇਆ। ਇਸ ਤੋਂ ਪਹਿਲਾਂ ਸਿੱਖ ਜਗਤ ਵਿਚ ਬੀਬੀਆਂ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਨਹੀਂ ਸੀ ਹੁੰਦਾ। ਬੀਬੀਆਂ ਨੂੰ ਪੁਰਸ਼ਾਂ ਵਾਂਗ ਚਿੱਟੇ ਕੱਪੜੇ ਪਹਿਨਣ ਅਤੇ ਉਨ ਦੀ ਮਾਲਾ ਨਾਲ ਚੁੱਅਖਰਾ ਨਾਮ ਜਪਣ ਦਾ ਅਧਿਕਾਰ ਬਖਸ਼ਿਆ। ਇਥੇ ਹੀ ਬਸ ਨਹੀਂ ਆਪ ਜੀ ਨੇ ਅਨੰਦ ਕਾਰਜਾਂ ਸਮੇਂ ਲੜਕੀ ਦੀ ਉਮਰ 18 ਸਾਲ ਅਤੇ ਲੜਕੇ ਦੀ ਉਮਰ 20 ਸਾਲ ਮੁਕਰਰ ਕਰ ਦਿੱਤੀ। ਇਸ ਤੋਂ ਘਟ ਉਮਰ ਵਾਲੇ ਲੜਕੇ ਲੜਕੀ ਦਾ ਅਨੰਦ ਨਹੀਂ ਸੀ ਹੋ ਸਕਦਾ। ਉਹਨਾਂ ਨੇ ਸਮਾਜ ਵਿਚ ਅੰਤਰਜਾਤੀ ਵਿਵਾਹ, ਸਮੂਹਿਕ ਅਨੰਦ ਕਾਰਜ, ਬਿਨਾਂ ਦਾਜ ਦਹੇਜ ਦਾ ਅਨੰਦ ਕਾਰਜ ਅਤੇ ਸਸਤੇ ਤੇ ਸਾਦੇ ਅਨੰਦ ਕਾਰਜ ਕਰਨ ਦੀ ਨਵੀਂ ਪਿਰਤ ਪਾਈ। ਸਿਰਫ ਸਵਾ ਰੁਪਏ ਵਿਚ ਅਨੰਦ ਕਾਰਜ ਦੀ ਨਵੀਂ ਰੀਤ ਤੋਰੀ। ਉਹਨਾਂ ਨੇ ਹੋਸ਼ ਸੰਭਾਲਣ ਤੋਂ ਬਾਅਦ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣ ਦੇ ਵੀ ਹੁਕਮ ਕੀਤੇ। ਸ. ਕਪੂਰ ਸਿੰਘ ਆਈ ਸੀ. ਐਸ. ਪੁਸਤਕ 'ਸਪਤ ਸ੍ਰਿੰਗ' ਦੇ ਪੰਨਾ 10 ਤੇ ਸਤਿਗੁਰਾਂ ਦੀ ਸ਼ਖਸੀਅਤ ਬਾਰੇ ਇਸ ਪ੍ਰਕਾਰ ਲਿਖਦੇ ਹਨ :

"...... ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜ੍ਹਾ ਕਰ ਦੇਂਦਾ ਹੈ।"

".....ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹੀ ਨਹੀਂ ਹੋਈ, ਜਿਸਨੇ ਜੀਵ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਂਗੀਰ ਤੇ ਉਚ ਰੱਖਿਆ ਹੋਵੇ, ਜਿਸਦਾ ਮੰਤਵ ਕਿ ਜਾਤੀ ਦੇ ਜਨਤਾ ਦੇ ਆਤਮਕ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜਕੇ ਉਸਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦਾ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ....।" –ਸਫਾ 15

ਸਤਿਗੁਰੂ ਜੀ ਜਾਤੀਵਾਦ ਦੇ ਸਿਖਰ ਖਿਲਾਫ ਸਨ, ਉਹਨਾਂ ਨੇ 1863 ਈ. ਵਿਚ ਖੋਟਿਆਂ ਦੇ ਮੇਲੇ ਤੇ ਪਹਿਲੀ ਵਾਰ ਛੇ ਅੰਤਰਜਾਤੀ ਵਿਆਹ ਕਰਕੇ ਸਮਾਜ ਵਿਚ ਗੁਰਮਤਿ ਅਨੰਦ ਕਾਰਜ ਦੀ ਨਵੀਂ ਰੀਤ ਚਲਾਈ। ਉਹਨਾਂ ਕੋਲ ਜੋ ਵੀ ਆਇਆ ਭਾਵੇਂ ਉਹ ਕਿਸੇ ਜਾਤ ਵਰਗ ਜਾਂ ਫਿਰਕੇ ਦਾ ਹੋਵੇ ਉਸਨੂੰ ਨਾਮ ਦੀ ਦਾਤ ਬਖਸ਼ ਕੇ ਪੂਰਨ ਸੰਤ ਬਣਾ ਦਿੱਤਾ। ਸਤਿਗੁਰੂ ਜੀ ਦੇ ਸਮਕਾਲੀ ਮੌਲਵੀ ਗੁਲਾਮ ਭੀਖ ਜਲੰਧਰੀ ਪੁਸਤਕ ਤਾਰੀਖਿ ਵਾਕਰੀ ਵਿਚ ਲਿਖਦੇ ਹਨ : "ਨਾਨਕ ਸ਼ਾਹ ਕੀ ਤਰਹ (ਗੁਰੂ) ਰਾਮ ਸਿੰਘ ਭੀ ਹੋਰ ਕੌਮ ਔਰ ਹਰ ਜਾਤ ਕੇ ਆਦਮੀ ਕੋ ਆਪਣੇ ਰਹਿਬਰ ਵਾ ਫਿਰਕੇ ਮੇ ਮਿਲਾ ਲੇਤਾ ਰਹਾ, ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਇਨ ਕੂਕੇ ਮੇਂ ਅਕਸਰ ਨੀਚ ਜਾਤ ਕੇ ਲੋਗ ਮਿਸਲ ਪੰਜਾਬ ਜਾਟ ਔਰ ਚਮਾਰ ਵਗੈਰਾ ਹੈਂ। ਅਕਾਇਦ ਉਨਕੇ ਸਾਫ ਔਰ ਅਸਾਨ ਹੈਂ। ਯਾਨੀ ਬੁਤ ਪ੍ਰਸਤੀ ਕਿਸੀ ਤਰ੍ਹਾਂ ਕੀ ਜਾਇਜ਼ ਨਹੀਂ। ਕਿਸੀ ਜਾਤ ਦੀ ਕੈਦ ਨਹੀਂ।"

ਇਸ ਪ੍ਰਕਾਰ ਸਤਿਗੁਰੂ ਜੀ ਨੇ ਜਾਤ ਰਹਿਤ ਨਵੇਂ ਸਿੱਖ ਸਮਾਜ ਦੀ ਸਾਜਨਾ ਕੀਤੀ ਅਤੇ ਸਿੱਖਾਂ ਦਾ ਆਚਾਰਣਿਕ ਪੱਖ ਉਚਾ ਕੀਤਾ ਅਤੇ ਮਲੀਨ ਬੁੱਧੀ ਵਾਲੇ ਲੋਕਾਂ ਨੂੰ ਰਹਿਤ, ਬਾਣੀ ਤੇ ਚਿਟਾ ਬਾਣਾ ਬਖਸ਼ ਕੇ ਉਹਨਾਂ ਨੂੰ ਸੰਤ ਬਣਾ ਦਿੱਤਾ ਜੋ ਛੇਤੀਂ ਹੀ ਅੰਗਰੇਜ਼ ਸਰਕਾਰ ਲਈ ਸਿਰਦਰਦੀ ਬਣ ਗਏ ਜਿਹਨਾਂ ਨੇ ਗਊ ਗਰੀਬ ਦੀ ਰੱਖਿਆ ਲਈ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਸਾਕੇ ਵਰਤਾਏ ਸਨ। ਉਹਨਾਂ ਦੀ ਘਾਲ ਕਮਾਈ ਸਦਕਾ ਹੀ ਅੱਜ ਸਮੁੱਚੇ ਜਗਤ ਵਿਚ ਨਾਮਧਾਰੀ ਸਮਾਜ ਦੀ ਇਕ ਨਿਵੇਕਲੀ ਤੇ ਆਦਰਯੋਗ ਜਗ੍ਹਾ ਬਣ ਗਈ ਹੈ।■

# ਮੇਰਾ ਸਤਿਗੁਰੂ ਭੈਣੀ ਵਿਚ ਆਇਆ

✍ **ਹਰਭਜਨ ਸਿੰਘ ਰਤਨ**

ਸ਼ਾਂਤੀ ਦਾ ਪਾਠ ਜਿਨ੍ਹੇ, ਜਗ ਨੂੰ ਪੜ੍ਹਾਇਆ ਸੀ। ਉਹ ਮੇਰਾ ਸਤਿਗੁਰੂ ਭੈਣੀ ਵਿਚ ਆਇਆ ਸੀ।
ਚਮਕਦਾ ਏ ਮੱਥਾ ਜਿਵੇਂ ਚੰਨ ਹੋਵੇ ਦੂਜ ਦਾ। ਨਿੰਵ ਨਿੰਵ ਉਸ ਨੂੰ ਹੈ, ਜਗ ਸਾਰਾ ਪੂਜਦਾ।
ਦੇਸ਼ ਦੀ ਆਜ਼ਾਦੀ ਵਾਲਾ, ਨਾਅਰਾ ਜਿਨ੍ਹੇ ਲਾਇਆ ਸੀ। ਉਹ ਮੇਰਾ ਸਤਿਗੁਰੂ ਭੈਣੀ ਵਿਚ ਆਇਆ ਸੀ।
ਮੁਖ ਤੇ ਜਲਾਲ ਪਿਆ ਡਲਕਾਂ ਸੀ ਮਾਰਦਾ। ਤੇਜ ਜਾਵੇ ਝਲਿਆ ਨਾ, ਚੀਨੀ ਦੇ ਸਵਾਰ ਦਾ।
ਭੁਲੇ ਹੋਏ ਜੀਵਾਂ ਤਾਈਂ, ਰਾਹੇ ਜਿਨ੍ਹੇ ਪਾਇਆ ਸੀ। ਉਹ ਮੇਰਾ ਸਤਿਗੁਰੂ ਭੈਣੀ ਵਿਚ ਆਇਆ ਸੀ।
ਸਦਾ ਕੌਰ ਮਾਤਾ ਦੀਆਂ ਅੱਖੀਆਂ ਦਾ ਨੂਰ ਸੀ। ਕੀਤਾ ਜਿਨ੍ਹੇ ਪਾਪਾਂ ਦੇ, ਹਨੇਰਿਆਂ ਨੂੰ ਦੂਰ ਸੀ।
ਜਪਿਆ ਹੈ ਨਾਮ, ਅਤੇ ਹੋਰਨਾਂ ਨੂੰ ਜਪਾਇਆ ਸੀ। ਉਹ ਮੇਰਾ ਸਤਿਗੁਰੂ ਭੈਣੀ ਵਿਚ ਆਇਆ ਸੀ।
ਕੂਕਦੇ ਨੇ ਕੂਕੇ, ਅੱਜ ਉਹਦੀਆਂ ਉਡੀਕਾਂ ਨੇ। ਕਰ ਕਰ ਯਾਦ, ਫਿਰ ਨਿਕਲ ਜਾਨ ਚੀਕਾਂ ਨੇ।
ਬੁੱਚੜਾਂ ਦੇ ਹੱਥੋਂ, ਜਿਨ੍ਹੇ ਗਊਆਂ ਨੂੰ ਬਚਾਇਆ ਸੀ। ਉਹ ਮੇਰਾ ਸਤਿਗੁਰੂ ਭੈਣੀ ਵਿਚ ਆਇਆ ਸੀ।
ਇਕ ਵਾਰ ਆ ਜਾ, ਸਤਿਗੁਰੂ ਪਿਆਰਿਆ। ਤੇਰੇ ਅੱਗੇ 'ਰਤਨ' ਅਸਾਂ ਪੱਲਾ ਹੈ ਪਸਾਰਿਆ।
ਆਵਾਂਗਾ ਜ਼ਰੂਰ, ਤੁਸਾਂ ਮੁੱਖੋਂ ਫੁਰਮਾਇਆ ਸੀ। ਉਹ ਮੇਰਾ ਸਤਿਗੁਰੂ ਭੈਣੀ ਵਿਚ ਆਇਆ ਸੀ।

# ਮਹਿਮਾ ਥੋਡੀ ਗਾ ਰਹੇ ਅੱਜ ਧਰਤੀ ਅਸਮਾਨ

✍ **ਕਰਤਾਰ ਸਿੰਘ ਪੰਛੀ**

*ਬ੍ਰਿਹਨ ਰੂਹ ਪੁਕਾਰਦੀ, ਦਰਸ਼ ਵਿਖਾਓ ਆਣ !*
*ਹੇ ਦਾਤਾ ! ਹੇ ਸਤਿਗੁਰੂ ! ਹੇ ਸਾਡੇ ਭਗਵਾਨ !*

*ਬਹੁਤ ਸਮਾਂ ਹੈ ਬੀਤਿਆ, ਟੂਰ ਗਏ ਸੀ ਪਰਦੇਸ।*
*ਕਿਹੜੀ ਜੂਹੀਂ ਵਾਸ ਹੈ? ਕਿਹੜਾ ਹੈ ਉਹ ਦੇਸ਼?*
*ਸਾਡੀ ਸਮਝੋਂ ਬਾਹਰ ਹੈ, ਸਾਡੀ ਮੱਤ ਅੰਵਾਣ।*

*ਕਹਿੰਦੇ ਬਚਨ ਫਕੀਰ ਦਾ, ਹੁੰਦਾ ਸਦਾ ਅਟੱਲ।*
*ਵਾਵਾਂ ਸਰ ਸਰ ਕਰਦੀਆਂ, ਕੋਈ ਦਿਨ ਸੁਨੇਹਾ ਘੱਲ।*
*ਸਾਡੀ ਮੁਸ਼ਕਲ ਰੋਜ਼ ਦੀ, ਹੋਵੇ ਬਹੁਤ ਆਸਾਨ।*

*ਦੁਨੀਆਂ ਸਾਹਵੇਂ ਉੱਘੜੀ ਹੁਣ ਥੋਡੀ ਤਸਵੀਰ।*
*ਦੇਸ਼ ਭਗਤ ਤੇ ਸੂਰਮੇ, ਵਾਹ ! ਪੀਰਾਂ ਦੇ ਪੀਰ।*
*ਅੱਜ ਕੁਰਬਾਨੀ ਬੋਲਦੀ, ਵਾਹ! ਵਾਹ ! ਜਹਾਨ।*

*ਦੂਰ ਦ੍ਰਿਸ਼ਟੀ ਵਾਲੜੀ, ਹਰ ਗੱਲ ਵਿਚ ਸੀ ਲੋਅ।*
*ਦੀਦ ਬਿਨਾ ਜਿੰਦ ਬਾਂਵਰੀ, ਕੋਈ ਨਾ ਬਣਦਾ ਢੋਅ।*
*ਬਾਝੁ ਪੀਆਰੇ ਜੀਵਣਾ, ਕਾਹਦੀ ਹੈ ਗੁਜ਼ਰਾਨ?*

*ਸੁੱਚ ਸੰਜਮ ਤੇ ਸਿਦਕ ਦਾ, ਦਿੱਤਾ ਸੀ ਉਪਦੇਸ਼।*
*ਭੁੱਲ ਗਏ ਸਿੰਘ ਉਸ ਨੂੰ, ਦੱਸਿਆ ਜੋ ਦਸ਼ਮੇਸ਼।*
*ਸੰਤ ਖਾਲਸਾ ਸਾਜ ਕੇ, ਕੀਤਾ ਕੰਮ ਮਹਾਨ।...*

*ਭਜਨ ਬੰਦਗੀ ਬਖਸ਼ ਕੇ, ਕੀਤੀ ਰੂਹ ਬਲਵਾਨ।*
*ਕੂਕਿਆਂ ਦਾ ਰੋਹ ਵੇਖ ਕੇ, ਤੋਪਾਂ ਵੀ ਸ਼ਰਮਾਣ।*
*ਮਹਿਮਾ ਥੋਡੀ ਗਾ ਰਹੇ, ਅੱਜ ਧਰਤੀ ਅਸਮਾਨ।*

*ਬ੍ਰਿਹਨ ਰੂਹ ਪੁਕਾਰਦੀ ਦਰਸ਼ ਦਿਖਾਓ ਆਣ।*
*ਹੇ ਦਾਤਾ ! ਹੇ ਸਤਿਗੁਰੂ ! ਹੇ ਸਾਡੇ ਭਗਵਾਨ! !*

# ਭੈਣੀ ਸਾਹਿਬ ਰਾਮ ਸਿੰਘ ਆਇਆ ਹੈ

✍ **ਕਰਤਾਰ ਸਿੰਘ ਬਲਿਹਾਰ ਜਾਵਾਂ**

ਪਾਪ ਜਦੋਂ ਵਸਿਆ ਜਹਾਨ ਉਤੇ ਆਣਕੇ ਤੇ, ਜ਼ਾਲਮਾਂ ਨੇ ਗਊਆਂ ਤੇ ਗਰੀਬਾਂ ਨੂੰ ਸਤਾਇਆ ਹੈ।
ਸਤਾਇਆ ਤੇ ਦੁਖਾਇਆ ਦਿਲ ਗਊਆਂ ਨਿਮਾਣੀਆਂ ਦਾ, ਕੰਬੀ ਧਰਤੀ ਧੌਲ ਖੜਾ ਸਿਰ ਨੂੰ ਝੁਕਾਇਆ ਹੈ।
ਗਊਆਂ ਤੇ ਗਰੀਬਾਂ ਸੰਦੀ ਸੁਣੇ ਨਾ ਪੁਕਾਰ ਕੋਈ, ਦੁਖੀ ਹੋਈ ਹਿੰਦ ਸਿੱਖੀ ਪੰਥ ਮੁਰਝਾਇਆ ਹੈ।
ਭੁੱਲ ਗਏ ਨੇ ਸਿਖ ਸਾਰੇ ਰਹਿਤ ਮਰਯਾਦਾ ਤਾਈਂ, ਫੁਟ ਦਾ ਸ਼ਿਕਾਰ ਬਣੇ ਤਾਹੀਂ ਖੰਡਾ ਖੜਕਾਇਆ ਹੈ।
ਰਾਮ ਮਰਗੇਸ਼ ਨੇ ਵਿਸ਼ੇਸ਼ ਅਵਤਾਰ ਲੀਨੋ, ਬਾਢੀ ਕੁਲ ਭੈਣੀ ਸਾਹਿਬ ਰਾਮ ਸਿੰਘ ਆਇਆ ਹੈ।
ਬੁੱਚੜਾਂ ਨੂੰ ਸੋਧ ਪਾਰ ਕੀਤਾ ਹਿੰਦ ਵਾਸੀਆਂ ਨੂੰ, ਜਾਲਮਾਂ ਦੇ ਕੋਲੋਂ ਆਨ ਜੁਲਮ ਹਟਾਇਆ ਹੈ।
ਦੁਖੀਆਂ ਦੇ ਦੁਖ ਦੂਰ ਸੁਖ ਦਿਲ ਪਲ ਵਿਚ, ਚਾਨਣ ਮੁਨਾਰਾ ਬਣ ਜਗ ਉਤੇ ਛਾਇਆ ਹੈ।
ਹਿੰਦ ਸੀ ਗੁਲਾਮ ਹੋਈ ਮਿਲਦੀ ਨਾ ਕਿਤੇ ਢੋਈ, ਕਦਮ ਆਜ਼ਾਦੀ ਪਹਿਲੋਂ ਸਭ ਤੋਂ ਉਠਾਇਆ ਹੈ।
ਬਲਿਹਾਰ ਜਾਵਾਂ ਲਖ ਵਾਰ ਚੀਨੀ ਅਸਵਾਰ ਤੋਂ ਮੈਂ, ਸੁਚ ਸੋਧ ਵਾਲਾ ਕੂਕਾ ਪੰਥ ਪ੍ਰਗਟਾਇਆ ਹੈ।
ਖੰਡਾ ਬ੍ਰਹਿਮੰਡਾਂ ਵਿਚ ਜੈ ਜੈ ਕਾਰ ਹੋਈ ਸਾਰੇ, ਸਤਿਗੁਰੂ ਰਾਮ ਸਿੰਘ ਜ਼ੁਲਮ ਨੂੰ ਮਿਟਾਇਆ ਹੈ।

# ਸਤਿਗੁਰੂ ਜੀ ਦਾ ਆਗਮਨ... (ਬਾਕੀ ਸਫਾ 4 ਦੀ)

ਸੱਚ ਤੇ ਪਹਿਰੇਦਾਰੀ ਦੇਣ ਦੇ ਕਾਬਲ ਬਣਾਇਆ, ਉਸਦੇ ਪੈਰਾਂ ਵਿਚ ਮਜ਼ਬੂਤੀ ਭਰ ਦਿੱਤੀ। ਐਸੀ ਮਜ਼ਬੂਤੀ ਕਿ ਫਿਰ ਸਤਿਗੁਰੂ ਦਾ ਸਿੱਖ ਕਿਸੇ ਵੀ ਮੁਸੀਬਤ ਅੱਗੇ ਥਿੜਕਿਆ ਨਹੀਂ, ਕੰਬਿਆ ਨਹੀਂ। ਸੱਚ ਦੀ ਪਹਿਰੇਦਾਰੀ ਉਸ ਦੇ ਜੀਵਨ ਦਾ ਸਭ ਤੋਂ ਵੱਡਾ ਨਿਸ਼ਾਨਾ ਬਣ ਗਿਆ, ਕੋਈ ਡਰ, ਕੋਈ ਖੌਫ, ਕੋਈ ਸਜ਼ਾ ਉਸ ਨੂੰ ਇਸ ਟੀਚੇ ਤੋਂ, ਇਸ ਨਿਸ਼ਾਨੇ ਤੋਂ ਡੇਗ ਨਹੀਂ ਸਕੀ। ਉਹਨਾਂ ਲਈ ਸਭ ਤੋਂ ਪਹਿਲਾਂ ਗੁਰੂ ਭਗਤੀ ਸੀ। ਗੁਰੂ ਦੇ ਦੱਸੇ ਉਪਦੇਸ਼ ਸਨ ਅਤੇ ਉਹਨਾਂ ਉਪਦੇਸ਼ਾਂ ਦਾ ਵਿਆਪਕ ਪ੍ਰਚਾਰ ਵੀ ਸੀ। ਦੇਸ਼ ਭਗਤੀ ਦਾ ਐਸਾ ਪਾਠ ਆਪਣੇ ਸਿੱਖਾਂ ਨੂੰ ਪੜ੍ਹਾਇਆ ਕਿ ਫਿਰ ਉਹਨਾਂ ਨੂੰ ਦੂਜਾ ਪਾਠ ਪੜ੍ਹਨ ਦੀ ਜ਼ਰੂਰਤ ਹੀ ਨਾ ਪਈ।

ਨਾਮਧਾਰੀ ਪੰਥ ਵਿਚ ਆਉਣ ਵਾਲੇ ਦਾ ਚਰਿਤਰ ਇਤਨਾ ਉੱਚਾ ਕਰ ਦਿੱਤਾ ਕਿ ਉਸ ਅੱਗੇ ਹਰ ਉਚਾਈ ਨੀਵੀਂ ਪੈ ਗਈ। ਇਸ ਉਚਾਈ ਨੇ ਅੰਗਰੇਜ਼ ਸਰਕਾਰ ਨੂੰ ਹੈਰਾਨ ਕਰ ਦਿੱਤਾ।

ਬੁੱਚੜਾਂ ਨੂੰ ਮਾਰਨ ਦੀ ਗੱਲ ਕੇਵਲ ਬੁਚੜਾਂ ਨੂੰ ਮਾਰਨ ਤੱਕ ਹੀ ਸੀਮਿਤ ਨਹੀਂ ਸੀ ਅਸਲ ਵਿਚ ਇਹ ਅੰਗਰੇਜ਼ ਸਰਕਾਰ ਤੇ ਹਮਲਾ ਸੀ, ਬੁੱਚੜਖਾਨੇ ਖੋਲ੍ਹਣ ਵਾਲੀ ਸਰਕਾਰ ਤੇ ਹਮਲਾ ਸੀ, ਦੇਸ ਦੀ ਸਾਂਝੇਪਨ ਦੀ ਸੰਸਕ੍ਰਿਤੀ ਨੂੰ ਖਤਮ ਕਰਨ ਵਾਲੇ ਤੇ ਹਮਲਾ ਸੀ, ਗਊਕਸ਼ੀ ਦੇ ਖਿਲਾਫ ਖੁੱਲ੍ਹਾ ਹਮਲਾ ਸੀ ਅਤੇ ਫਿਰ ਨਾਮਧਾਰੀ ਸਿੱਖਾਂ ਨੇ ਖਿੜੇ ਮੱਥੇ ਆਪਣੇ ਕੀਤੇ ਦੀ ਸਜ਼ਾ ਨੂੰ ਪ੍ਰਵਾਨ ਕਰਨ ਲਈ ਸੰਕੋਚ ਨਹੀਂ ਕੀਤਾ। ਮਲੇਰਕੋਟਲੇ ਵਿਚ ਤੋਪਾਂ ਅੱਗੇ ਖੜ੍ਹੇ ਹੋ ਕੇ ਪੁਰਜਾ ਪੁਰਜਾ ਉਡਣ ਵਾਲੇ ਨਾਮਧਾਰੀ ਸਿੱਖਾਂ ਨੇ ਸੱਚ ਤੇ ਸੁੱਚ ਤੇ ਪਹਿਰੇਦਾਰੀ ਦਿੰਦਿਆਂ ਮੌਤ ਦਾ ਸ਼ਾਨਦਾਰ ਸੁਆਗਤ ਕੀਤਾ।

ਦੂਜੇ ਪਾਸੇ ਸਮਾਜਿਕ ਬੁਰਾਈਆਂ ਵਿਰੁੱਧ ਕਾਮਯਾਬ ਲੜਾਈ ਸਿਰੇ ਤੱਕ ਪਹੁੰਚਾ ਦਿੱਤੀ। ਪੰਜਾਬ ਦੇ ਵੱਡੇ ਹਿੱਸੇ ਨੂੰ ਸਤੀ ਪ੍ਰਥਾ ਦੀ ਜਿੱਲਤ ਤੋਂ ਬਾਹਰ ਕੱਢਿਆ। ਸਤਿਗੁਰੂ ਜੀ ਦੀ ਰਹਿਨੁਮਾਈ ਵਿਚ ਵਿਧਵਾ ਔਰਤਾਂ ਦੇ ਪੁਨਰ ਵਿਆਹ ਦੀ ਮੁਹਿੰਮ ਚਲਾਈ ਗਈ। ਪੈਰ ਦੀ ਜੁੱਤੀ ਸਮਝੀ ਜਾਣ ਵਾਲੀ ਔਰਤ ਨੂੰ ਬਰਾਬਰ ਦਾ ਹੱਕ ਦੇਣਾ ਕਿਤਨਾ ਔਖਾ ਕੰਮ ਹੈ, ਔਖਾ ਹੀ ਨਹੀਂ ਅਸੰਭਵ ਕੰਮ ਹੈ ਪਰ ਸਤਿਗੁਰੂ ਜੀ ਨੇ ਇਹ ਕੰਮ ਵੀ ਕਰ ਦਿੱਤਾ। ਇਸਤਰੀ ਜਾਤੀ ਦੀ ਸਭ ਤੋਂ ਜਿਆਦਾ ਰਾਖੀ ਸਤਿਗੁਰੂ ਜੀ ਨੇ ਕੀਤੀ। ਬੱਚਿਆਂ ਦਾ ਛੋਟੀ ਉਮਰ ਵਿਚ ਵਿਆਹ ਨਾ ਕਰਨਾ, ਉਹਨਾਂ ਨੂੰ ਪੜ੍ਹਾਈ ਵੱਲ ਲਾਉਣਾ, ਬੇਟੀ ਨੂੰ ਬੇਟੇ ਦੇ ਬਰਾਬਰ ਰੱਖ ਕੇ ਸਤਿਗੁਰੂ ਜੀ ਨੇ ਸਭ ਮੁਮਕਿਨ ਕਰ ਦਿੱਤਾ। ਇਹ ਸਭ ਉਸ ਵੇਲੇ ਕੀਤਾ ਜਦੋਂ ਹਾਲੀ ਇੰਗਲੈਂਡ ਵਰਗੇ ਦੇਸ਼ਾਂ ਵਿਚ ਬਰਾਬਰੀ ਦੀ ਗੱਲ ਨਹੀਂ ਸੀ ਕੀਤੀ ਜਾ ਰਹੀ। ਅਮਰੀਕਾ ਵਰਗੇ ਮੁਲਕ ਵਿਚ ਮਾਰਟਿਨ ਲੂਥਰ ਦੀ ਅਗਵਾਈ ਵਿਚ ਗੁਲਾਮ ਪ੍ਰਥਾ ਮਿਟਾਉਣ ਲਈ ਅੰਦੋਲਨ ਚਲਾਏ ਜਾ ਰਹੇ ਸਨ।

ਸਤਿਗੁਰੂ ਜੀ ਦੇ ਉਪਦੇਸ਼ਾਂ ਤੇ ਅੱਜ ਦੇ ਵਕਤ ਜ਼ਿਆਦਾ ਚੱਲਣ ਦੀ ਜ਼ਰੂਰਤ ਹੈ ਕਿਉਂਕਿ ਹੁਣ ਵੀ ਉਸੇ ਤਰ੍ਹਾਂ ਸਾਂਝੀ ਸੰਸਕ੍ਰਿਤੀ, ਸਾਡੀ ਭਾਸ਼ਾ, ਸਾਡੇ ਪਹਿਰਾਵੇ ਸਾਡੀ ਸ਼ਾਨ ਤੇ ਹਮਲੇ ਕੀਤੇ ਜਾ ਰਹੇ ਹਨ। ਅਜ ਉਸ ਵੇਲੇ ਤੋਂ ਵੀ ਜ਼ਿਆਦਾ ਖਤਰਾ ਹੈ। ■

# ਤਬੀ ਬਾਰਵਾਂ ਬਪ ਪਹਿਚਾਨੋ... (ਬਾਕੀ ਸਫਾ 2 ਦੀ)

ਬਾਬਾ ਉਹਨਾਂ ਨੂੰ ਚੰਗਾ ਲੱਗਦਾ ਸੀ ਜੋ ਕੇਵਲ ਅਸੀਸ ਦੇਵੇ ਝੂਠੀ ਭਾਵੇਂ ਸੱਚੀ। ਫਿਰ ਵੀ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲੇ ਸਤਿਗੁਰੂ ਬਾਲਕ ਸਿੰਘ ਜੀ ਨੇ ਸਿੱਖੀ ਦੀ ਜੋਤ ਨੂੰ ਜਗਦੀ ਰੱਖਿਆ। ਪਰ ਕਿੰਨੇ ਕੁ ਸਿੱਖ ਪੂਰਨ ਰਹਿਤ ਮਰਯਾਦਾ ਦੇ ਧਾਰਨੀ ਸਨ - ਕੇਵਲ ਢਾਈ। ਇਹਨਾਂ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਚੱਲੇ ਸਨ ਅਤੇ ਉਹਨਾਂ ਨੇ ਆਪ ਨਾਮ ਜਪਣ ਤੇ ਹੋਰਾਂ ਨੂੰ ਜਪਾਉਣ ਦੀ ਕਿਰਪਾ ਕੀਤੀ। ਉਹ ਭਲੀ ਭਾਂਤ ਜਾਣਦੇ ਸਮਝਦੇ ਸਨ :

***ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ***
***ਹਰਿ ਉਤਮ ਪਦੁ ਪਾਇਆ।।***
***ਕਲਿ ਤਾਤੀ ਠਾਂਢਾ ਹਰਿ ਨਾਉ।।***
***ਸਿਮਰਿ ਸਿਮਰਿ ਸਦਾ ਸੁਖ ਪਾਉ।।*** *(ਮਹਲਾ 5)*
***ਕਲ ਮੈ ਏਕੁ ਨਾਮੁ ਕਿਰਪਾ ਨਿਧਿ***
***ਜਾਹਿ ਜਪੈ ਗਤਿ ਪਾਵੈ।।*** *(ਮਹਲਾ 1)*
***ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ।।***
***ਕਹੁ ਨਾਨਕ ਸੋਈ ਨਰੁ ਗੁਰੂਆ ਜੋ ਪ੍ਰਭ ਕੇ ਗੁਨ ਗਾਵੈ।।***
***(ਬਿਲਾਵਲ ਮਹਲ 1)***

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਸਮੂਹ ਖਾਲਸੇ ਲਈ ਰਹਿਤਨਾਮਾ ਲਿਖ ਕੇ ਭੇਜਿਆ। ਇਸ ਰਹਿਤਨਾਮੇ ਵਿਚ "ਪਿਛਲੀ ਰਾਤ ਉਠ ਕੇ ਸਣੇ ਕੇਸੀ ਇਸ਼ਨਾਨ ਕਰਨਾ, ਬਾਣੀ ਪੜ੍ਹਨੀ, ਸੀਲ ਸੰਤੋਖ ਰਖਣਾ" ਦੱਸਿਆ ਅਤੇ ਨਾਮ ਜਪਣ ਬਾਰੇ ਹੁਕਮ ਕੀਤਾ :

**"ਭਜਨੁ ਅਠੇ ਪਹਿਰ ਕਰਨਾ ਗੁਰੂ ਸਚੇ ਦਾ।"**

**"ਜੇ ਕੋਈ ਭਜਨ ਪੁਛਕੇ ਨਾ ਕਰੂਗਾ ਉਸ ਦਾ ਮੂਹ ਦੂਹੀ ਜਹਾਨੀ ਕਾਲਾ ਹੋਊਗਾ।"**

ਸਰੀਰਕ ਸੁੱਚਤਾ ਲਈ ਸੁੱਚ ਸੋਧ ਦਾ ਖਾਣਾ ਅਤੇ ਸਧਾਰਨ ਬਾਣਾ ਰੱਖਣਾ ਸੀ। ਪਰ ਆਪਣੇ ਮਨੋਬਲ ਨੂੰ ਵਧਾਉਣ ਲਈ, ਉਸ ਵਿਚ ਟਿਕਾਅ ਲਿਆਉਣ ਲਈ ਸਦਾਚਾਰ ਉਚਤਾ ਦੀ ਮਦਦ ਸੀ। ਲੋਕ ਭਲਾਈ ਲਈ ਲੋੜਵੰਦ ਦੀ ਮਦਦ ਸੀ। ਏਸੇ ਕਰਕੇ ਆਪ ਨੇ ਲਿਖਿਆ, **"ਪੁੰਨ ਦਾਨ ਤੇ ਧਨ ਨਹੀਂ ਘਟਦਾ ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।"** ਆਪ ਨੇ ਉਪਦੇਸ਼ ਕੀਤਾ, **"ਜਿਤਨੇ ਸੁਖ ਹੈਨ ਲੋਕ ਦੇ ਸੋ ਸਾਰੇ ਗੁਰਮਤ ਮੈ ਹੈਨ। ਜਿਤਨੇ ਦੁਖ ਹੈਨ ਸੋ ਮਨਮਤ ਮੈ ਹੈਨ।"** ਸੱਚ ਪਵਿਤਰਤਾ ਰੱਖ ਕੇ, ਉਚਾ ਸੁੱਚਾ ਕਿਰਦਾਰ ਰੱਖ ਕੇ, ਦੂਜੇ ਦਾ ਭਲਾ ਸੋਚ ਕੇ, ਸਮਾਜ ਵਿਚ ਚੰਗੇ ਗੁਣਾਂ ਨੂੰ ਅਪਣਾ ਕੇ, ਬਾਣੀ ਪੜ੍ਹਕੇ, ਭਜਨ ਬੰਦਗੀ ਕਰਕੇ, ਸਤਿਗੁਰੂ ਦਾ ਹੁਕਮ ਮੰਨ ਕੇ ਦੁਰਾਚਾਰ ਅਨਾਚਾਰ ਛੱਡ ਕੇ ਅਧਿਆਤਮਕ ਪੱਧਰ ਵੀ ਏਨਾ ਉਚਾ ਹੋ ਗਿਆ ਕਿ ਉਹਨਾਂ ਨੂੰ ਤੋਪ ਜਾਂ ਫਾਂਸੀ ਦੀ ਮਾਰ ਭੈਅਭੀਤ ਨਹੀਂ ਕਰ ਸਕੀ। ਸਮੁੱਚੇ ਵਾਤਾਵਰਣ ਵਿਚ ਜੀਵ ਕਲਿਆਣ ਅਤੇ ਪ੍ਰਭੂ ਭਗਤੀ ਦੀ ਇਕ ਐਸੀ ਫਿਜ਼ਾ ਬਣ ਗਈ ਜਿਸ ਤੋਂ ਪਛਾਣ ਪੈਦਾ ਹੋ ਗਈ ਕਿ ਕਲਜੁਗ ਵਿਚ ਸਤਿਜੁਗ ਦਾ ਵਰਤਾਰਾ ਵਰਤ ਰਿਹਾ ਹੈ ਅਤੇ ਇਹੀ ਬਾਰ੍ਹਵੇਂ ਰੂਪ ਦਾ ਪਹਿਚਾਣ ਚਿੰਨ੍ਹ ਹੈ। ■

**ਬਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਤੇ ਨਾ ਹੀ ਮਰਯਾਦਾ ਵਿਚ ਆਉਂਦਾ ਹੈ ਫੇਰ ਕਿਉਂ ਖਾਧਾ ਜਾਵੇ।**

Days of Posting :
Thursday/Friday at IPMBC/1

RNI NO. 55658/93 Delhi Postal Regd. No. DL(W) 01/2055/12-14
License to Post Without Pre-Payment, U(C) - 169/2009-11

## ਭਾਈ ਰਾਇ ਸਿੰਘ ਦੀ ਰੱਖਿਆ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਾਜਨਾ ਤੋਂ ਬਾਅਦ ਭਾਈ ਰਾਇ ਸਿੰਘ ਨੂੰ 1862 ਈ. (1919 ਬਿਕਰਮੀ) ਵਿੱਚ ਸ੍ਰੀ ਭੈਣੀ ਸਾਹਿਬ ਤੋਂ ਹਜ਼ੂਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਲੰਗਰ ਦੀ ਮਰਯਾਦਾ ਲੈਣ ਭੇਜਿਆ। ਜਾਂਦਿਆਂ ਹੋਇਆਂ ਰਸਤੇ ਵਿੱਚ ਇੱਕ ਆਦਮੀ ਹਮਰਾਹੀ ਬਣ ਜਾਂਦਾ ਹੈ। ਸ੍ਰੀ ਭੈਣੀ ਸਾਹਿਬ ਤੋਂ 800 ਮੀਲ ਦੂਰ ਭੋਪਾਲ ਦੇ ਨੇੜੇ ਜੰਗਲਾਂ ਵਿੱਚ ਰਾਤ ਪੈਣ ਤੇ ਸਾਥੀ ਦੀ ਜ਼ਿੱਦ ਕਾਰਨ ਕਿਸੇ ਸੁਰੱਖਿਅਤ ਥਾਂ ਜਾਣ ਦੀ ਬਜਾਇ ਜੰਗਲ ਵਿੱਚ ਹੀ ਰਾਤ ਠਹਿਰ ਗਏ। ਅੱਧੀ ਰਾਤ ਨੂੰ ਇੱਕ ਸ਼ੇਰ ਨੇ ਸਾਥੀ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਮਾਰ ਮੁਕਾਇਆ। ਭਾਈ ਰਾਇ ਸਿੰਘ ਇਹ ਦੇਖ ਕੇ ਸ੍ਰੀ ਸਤਿਗੁਰੂ ਜੀ ਨੂੰ ਯਾਦ ਕਰਦਾ ਹੈ ਅਤੇ ਸ਼ੇਰ ਤੋਂ ਬਚਾਉਣ ਲਈ ਅਰਦਾਸ ਕਰਦਾ ਹੈ। ਘਟ ਘਟ ਦੀ ਜਾਨਣਹਾਰ ਸ੍ਰੀ ਸਤਿਗੁਰੂ ਜੀ ਉਸੇ ਵੇਲੇ ਚੀਨੀ ਘੋੜੀ ਤੇ ਸਵਾਰ ਹੋ ਕੇ ਦਰਸ਼ਨ ਦੇਂਦੇ ਹਨ। ਆਪ ਜੀ ਨੇ ਹੱਥ ਦੇ ਇਸ਼ਾਰੇ ਨਾਲ ਸ਼ੇਰ ਨੂੰ ਜਿੱਥੇ ਖਲੋਤਾ ਸੀ, ਉੱਥੇ ਹੀ ਰੋਕ ਦਿੱਤਾ ਅਤੇ ਉਸ ਤੋਂ ਭਾਈ ਰਾਇ ਸਿੰਘ ਦੀ ਰੱਖਿਆ ਕੀਤੀ ਅਤੇ ਭਾਈ ਸਾਹਿਬ ਨੂੰ ਸੁਰੱਖਿਅਤ ਥਾਂ ਪਹੁੰਚਾ ਕੇ ਸ੍ਰੀ ਸਤਿਗੁਰੂ ਜੀ ਅਲੋਪ ਹੋ ਜਾਂਦੇ ਹਨ।

## ਸ੍ਰੀ ਸਤਿਗੁਰੂ ਜੀ ਦਰਿਆ ਝਨਾਂ ਦੀਆਂ ਲਹਿਰਾਂ ਉੱਤੇ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ ਹਜਰੋਂ ਜਾਣ ਲਈ ਵਜ਼ੀਰਾਬਾਦ (ਪਾਕਿਸਤਾਨ) ਵਿਖੇ ਝਨਾਂ ਦਰਿਆ ਪਾਰ ਕਰਨ ਲਈ ਪੱਤਣ ਤੇ ਪਹੁੰਚੇ, ਤਾਂ ਬੇੜੀ ਦਾ ਪੂਰ ਭਰਿਆ ਗਿਆ ਸੀ। ਜਿਸ ਕਾਰਨ ਬੇੜੀ ਦੇ ਮਲਾਹ ਨੇ ਬੇੜੀ ਵਿੱਚ ਬਿਠਾਉਣ ਤੋਂ ਮਨਾ ਕਰ ਦਿੱਤਾ ਪਰ ਸ੍ਰੀ ਸਤਿਗੁਰੂ ਜੀ ਨੇ ਅਗਲੇ ਪੂਰ ਦਾ ਇੰਤਜ਼ਾਰ ਕਰਨ ਨਾਲੋਂ ਦਰਿਆ ਨੂੰ ਪੈਦਲ ਪਾਰ ਕਰਨ ਦਾ ਨਿਰਨਾ ਕੀਤਾ, ਤਾਂ ਕਿ ਆਪ ਜਲਦੀ ਤੋਂ ਜਲਦੀ ਹਜਰੋਂ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਪਹੁੰਚ ਸਕਣ। ਆਪ ਜੀ ਨੇ ਦਰਿਆ ਦੇ ਉੱਪਰ ਪੈਦਲ ਤੁਰ ਕੇ ਦਰਿਆ ਨੂੰ ਪਾਰ ਕਰ ਲਿਆ। ਇਹ ਦੇਖ ਕੇ ਬੇੜੀ ਦਾ ਮਲਾਹ ਅਤੇ ਯਾਤਰੀ ਬਹੁਤ ਹੈਰਾਨ ਹੋਏ ਤੇ ਪਾਰ ਆ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਡਿਗ ਕੇ ਬਖ਼ਸ਼ਸ਼ ਮੰਗੀ।

## ਬੱਚਾ ਜਿਉਂਦਾ ਕੀਤਾ

ਮਾਨਾਂਵਾਲਾ ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਦੇ ਧਨਾਢ ਸਰਦਾਰ ਹੀਰਾ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੋਭਾ ਸੁਣ ਕੇ ਆਪ ਜੀ ਤੋਂ ਭਜਨ ਪੁੱਛਿਆ ਅਤੇ ਮਾਨਾਂਵਾਲੇ ਹੋਲਾ ਮਹੱਲਾ ਕਰਨ ਦੀ ਅਰਜ਼ ਬੇਨਤੀ ਕੀਤੀ, ਜੋ ਪ੍ਰਵਾਨ ਹੋਈ। ਮਾਰਚ 1869 ਈਸਵੀ (ਸੰਮਤ 1925 ਬਿਕਰਮੀ) ਨੂੰ ਮਾਨਾਂਵਾਲੇ ਹੋਲਾ ਮਹੱਲਾ ਆਪ ਜੀ ਦੀ ਹਜ਼ੂਰੀ ਵਿੱਚ ਹੋਇਆ। ਇਸ ਹੋਲੇ ਸਮੇਂ ਦੀ ਇੱਕ ਘਟਨਾ ਨੇ ਆਪ ਜੀ ਦਾ ਜਸ ਦੂਣ ਸਵਾਇਆ ਕਰ ਦਿੱਤਾ।

ਜਦੋਂ ਸ੍ਰੀ ਸਤਿਗੁਰੂ ਜੀ ਸੂਬਿਆਂ, ਸੇਵਕਾਂ ਸਹਿਤ ਹਾਥੀ ਤੇ ਸਵਾਰ ਹੋ ਕੇ ਮੇਲੇ ਵਾਲੇ ਸਥਾਨ ਤੇ ਜਾ ਰਹੇ ਸਨ, ਤਾਂ ਸੂਬਾ ਗਿਆਨੀ ਰਤਨ ਸਿੰਘ ਦੇ ਘੋੜੇ ਦੀ ਟੱਕਰ ਵੱਜਣ ਨਾਲ ਇੱਕ ਘੁਮਿਆਰੀ ਦੇ ਇੱਕਲੌਤੇ ਬੱਚੇ ਦੀ ਮੌਤ ਹੋ ਗਈ। ਜਿਸ ਕਾਰਨ ਚਾਰੇ ਪਾਸੇ ਰੌਲਾ ਪੈ ਗਿਆ ਕਿ ਕੂਕਿਆਂ ਨੇ ਬੱਚੇ ਨੂੰ ਮਾਰ ਦਿੱਤਾ ਹੈ। ਅੰਗਰੇਜ਼ ਵੀ ਆਪ ਜੀ ਦੀ ਚੜ੍ਹਤ ਵੇਖ ਕੇ ਖਾਰ ਖਾ ਰਹੇ ਸਨ, ਸੋ ਉਹ ਬੱਚੇ ਦੀ ਮਾਤਾ 'ਤੇ ਜ਼ੋਰ ਪਾ ਰਹੇ ਸਨ ਕਿ ਉਹ ਆਖੇ ਕੂਕਿਆਂ ਦੇ ਗੁਰੂ ਨੇ ਮੇਰਾ ਬੱਚਾ ਮਾਰ ਦਿੱਤਾ ਹੈ।

ਇਹ ਰੌਲਾ ਸੁਣ ਕੇ ਸਿੰਘਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਜ਼ ਕੀਤੀ ਕਿ ਕਿਰਪਾ ਕਰੋ, ਤਾਂ ਕਿ ਰੱਖਿਆ ਹੋਵੇ। ਸ੍ਰੀ ਸਤਿਗੁਰੂ ਜੀ ਹਾਥੀ ਤੋਂ ਹੇਠਾਂ ਉੱਤਰੇ ਅਤੇ ਮਰੇ ਪਏ ਬੱਚੇ ਨੂੰ ਆਪਣੇ ਚਰਨ ਦਾ ਅੰਗੂਠਾ ਛੁਹਾਇਆ ਤਾਂ ਬੱਚਾ ਉੱਠ ਬੈਠਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਇਹ ਕੌਤਕ ਵੇਖ ਕੇ ਸਾਰੇ ਪਾਸੇ ਸ੍ਰੀ ਸਤਿਗੁਰੂ ਜੀ ਦੀ ਜੈ-ਜੈਕਾਰ ਹੋਈ।

ਸਤਿਜੁਗ ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ-੧੧੦੦੧੫
ਟੈਲੀਫੋਨ:25156625, 41425686 ਫੈਕਸ:011-41425686

Type setting by: CADCON
Designed by: ATTRACT GRAPHICS

ਇਕ ਪ੍ਰਤੀ : ਚਾਰ ਰੁਪਈਏ,
ਇਕ ਸਾਲ ਦੇਸ - 200 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ ਦੇਸ - 800 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 7.12 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.55 ਮਿੰਟ

Printed and Published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New Delhi-110015. Editor-Mr. Harvendra Singh Hanspal. Issue No. 01 of 26 January 2012
email : satjug@sribhainisahib.com, satjugweekly@gmail.com, satjugweekly@hotmail.com